ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ ਖੋਜਨਾਮਾ

ISSN: 2584-0509



# ਸੁਰਜੀਤ ਪਾਤਰ ਕਾਵਿ ਦਾ ਬੌਧਿਕ ਤੇ ਬਿਰਤਾਂਤਿਕ ਪ੍ਰਵਚਨ



ਲਖਵੀਰ ਸਿੰਘ
ਖੋਜਾਰਥੀ
ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ
+91 94630-53462

ਸੁਹਜਾਤਮਿਕ ਤੇ ਬੌਧਿਕ ਗੁਣਾਂ ਦੇ ਸੁਮੇਲ ਰਾਹੀਂ ਕਵੀ ਦੇ ਮਨ ਵਿੱਚ ਉੱਠਦੀ ਲੈ-ਮਈ ਅਭਿਵਿਅੰਜਨਾਂ ਦੁਆਰਾ ਕਵਿਤਾ ਦਾ ਜਨਮ ਹੁੰਦਾ ਹੈ। ਮਨੁੱਖੀ ਸਮਾਜ ਦੇ ਸਹਿਜੇ-ਸਹਿਜੇ ਵਿਕਾਸ ਦੁਆਰਾ ਪਦਾਰਥਿਕ ਹਾਲਾਤ ਤੇ ਕਲਾਵਾਂ/ਸਹਿਤ ਦੀ ਦ੍ਰਿਸ਼ਟੀ ਵਿੱਚ ਨਿਰੰਤਰ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ। ਗਿਆਨ-ਵਿਗਿਆਨ ਦੀਆਂ ਖੋਜਾਂ ਤੇ ਅਧਿਐਨਾਂ ਅੰਤਰਗਤ ਵਿਗਿਆਨਿਕ ਚੇਤਨਾ ਦੇ ਪਸਾਰਾਂ ਦੁਆਰਾ ਮਨੁੱਖੀ ਸਮਾਜ ਵਿੱਚ ਪ੍ਰਚਲਿਤ ਗ਼ੈਰ-ਵਿਗਿਆਨਿਕ ਧਾਰਨਾਵਾਂ ਤੇ ਭਰਮਾਂ ਦੇ ਵਿਰੁੱਧ ਕਵਿਤਾ ਆਧੁਨਿਕ ਸੂਝ ਨੂੰ ਆਪਣੇ ਕਲਾਵੇ ਵਿੱਚ ਲੈਣ ਲਈ ਨਿਰੰਤਰ ਯਤਨਸ਼ੀਲ ਰਹਿੰਦੀ ਹੈ। ਵਿਲੀਅਮ ਵਰਡਜ਼ਵਰਥ ਆਪਣੀ ਪੁਸਤਕ 'Lyrical Ballads' (1800) ਦੇ ਦੂਜੇ ਐਡੀਸ਼ਨ ਦੀ ਪ੍ਰਸਤਾਵਨਾ ਵਿੱਚ ਲਿਖਦਾ ਹੈ, "ਜੇਕਰ ਵਿਗਿਆਨ ਦੇ ਮਨੁੱਖਾਂ ਦੀ ਕਿਰਤ ਕਦੇ ਵੀ ਕੋਈ ਪਦਾਰਥਿਕ ਇਨਕਲਾਬ ਸਿਰਜਦੀ ਹੈ, ਸਿੱਧੇ ਜਾਂ ਅਸਿੱਧੇ ਤੌਰ 'ਤੇ, ਸਾਡੀ ਪਰਿਸਥਿਤੀ ਅਧੀਨ...ਕਵੀ ਵਰਤਮਾਨ ਤੋਂ ਵਧੇਰੇ ਸੁੱਤਾ ਨਹੀਂ ਰਹੇਗਾ; ਉਹ ਵਿਗਿਆਨ ਦੇ ਮਨੁੱਖ ਦੇ ਰਾਹਾਂ 'ਤੇ ਚੱਲਣ ਲਈ ਤਿਆਰ ਹੋਵੇਗਾ, ਨਾ ਕੇਵਲ ਸਧਾਰਨ ਤੌਰ 'ਤੇ ਉਹਨਾਂ ਦੇ ਅਸਿੱਧੇ ਪ੍ਰਭਾਵਾਂ, ਸਗੋਂ ਉਹ ਉਸ (ਵਿਗਿਆਨੀ) ਦੇ ਪੱਖ ਵਿੱਚ ਹੋਵੇਗਾ, ਨਿੱਜੀ ਅਨੁਭਵ ਨੂੰ ਆਪਣੇ ਆਪ ਵਿਗਿਆਨ ਦੀ ਬਾਹਰਮੁਖੀ ਵਸਤੂ ਦੇ ਦਰਮਿਆਨ ਲਿਜਾਵੇਗਾ। ਰਸਾਇਣ-ਵਿਗਿਆਨੀ, ਬਨਸਪਤੀ-ਵਿਗਿਆਨੀ, ਜਾਂ ਖਣਿਜ-ਵਿਗਿਆਨੀ ਦੀਆਂ ਦੂਰਵਰਤੀ ਖੋਜਾਂ ਕਵੀ ਦੀ ਕਲਾ ਲਈ ਉਚਿਤ ਬਾਹਰਮੁਖੀ ਵਸਤੂਆਂ ਬਣਨਗੀਆਂ।"[1] ਇਸ ਸੰਦਰਭ ਵਿੱਚ ਵੀਹਵੀਂ ਸਦੀ ਦੀ ਆਧੁਨਿਕ ਪੰਜਾਬੀ ਕਵਿਤਾ ਦਿਸ਼ਾ ਗ੍ਰਹਿਣ ਕਰਦੀ ਹੋਈ ਸਮਕਾਲੀ ਤੇ ਤਤਕਾਲੀ ਪਰਿਸਥਿਤੀਆਂ ਨੂੰ ਹੰਘਾਲਦੀ ਤੇ ਮਨੁੱਖ ਨੂੰ ਚਿੰਤਨਸ਼ੀਲ ਬਣਾਉਂਦੀ ਹੋਈ ਸਮਾਜ ਵਿੱਚ ਜੜ੍ਹ ਹੋਈਆਂ ਧਾਰਨਾਵਾਂ, ਸਮਾਜਿਕ ਦਰਜਾਬੰਦੀਆਂ ਤੇ ਵਿਅਕਤੀ ਦੀਆਂ ਅੰਤਰਮੁਖੀ ਤੇ ਬਾਹਰਮੁਖੀ ਜਟਿਲਤਾਵਾਂ ਨੂੰ ਸਮਝਣ ਲਈ ਬੌਧਿਕ ਦ੍ਰਿਸ਼ਟੀ ਦਾ ਨਿਰਮਾਣ ਕਰਦੀ ਹੈ। ਅਧਿਆਤਮਿਕ ਪਹਿਲੂ, ਅੰਗਰੇਜ਼ੀ ਸਾਮਰਾਜ ਨਾਲ਼ ਟੱਕਰ, ਲੋਕ ਹਿਤਾਂ ਲਈ ਸੰਘਰਸ਼ ਤੇ ਮਨੁੱਖੀ ਮਨ ਦੀਆਂ ਜਟਿਲਤਾਵਾਂ ਨੂੰ ਵਿਸ਼ਾ ਬਣਾਉਂਦੀ ਹੋਈ ਆਧੁਨਿਕ ਪੰਜਾਬੀ ਕਵਿਤਾ ਵਿਅਕਤੀ ਦੇ ਜੀਵਨ ਦੀ ਵਾਸਤਵਿਕ ਅਜ਼ਾਦੀ ਲਈ ਜੱਦੋ-ਜਹਿਦ ਕਰਦੀ ਰਹੀ ਹੈ। ਕਵੀ ਦੀ ਕਲਾਤਮਿਕ ਪ੍ਰਤਿਭਾ ਅਜਿਹੀ ਜੱਦੋ-ਜਹਿਦ ਨੂੰ ਸਾਹਿਤਿਕ/ਕਾਵਿ ਜੁਗਤਾਂ

ਦੁਆਰਾ ਕਵਿਤਾ ਵਿੱਚ ਰੂਪਾਂਤਰਿਤ ਕਰਦੀ ਹੈ ਜਿਸ ਦੇ ਪ੍ਰਭਾਵਾਂ ਹੇਠ ਵਿਅਕਤੀ ਦਾ ਮਨ ਹਾਂਮੁਖੀ ਦਿਸ਼ਾ ਵੱਲ ਲਿਜਾਂਦਾ ਹੋਇਆ ਉਸਨੂੰ ਬੌਧਿਕ ਤੌਰ 'ਤੇ ਵਿਚਾਰਵਾਨ ਬਣਾਉਂਦਾ ਹੈ। ਇਹ ਵਿਚਾਰਵਾਨ ਵਿਅਕਤੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸਰੋਕਾਰਾਂ ਪ੍ਰਤੀ ਅਜਿਹੀ ਸੂਝ ਉਸਾਰਨ ਦੇ ਸਮਰੱਥ ਬਣ ਜਾਂਦਾ ਹੈ ਜਿਹੜੀ ਉਸ ਦੇ ਜੀਵਨ ਲਈ ਹਾਂਮੁਖੀ ਆਧਾਰਾਂ ਤੇ ਪਸਾਰਾਂ ਨੂੰ ਜਨਮ ਦਿੰਦੀ ਹੈ। ਇਨ੍ਹਾਂ ਆਧਾਰਾਂ ਤੇ ਪਸਾਰਾਂ ਦੇ ਸੰਦਰਭ ਵਿੱਚ ਸੁਰਜੀਤ ਪਾਤਰ ਦੀ ਕਵਿਤਾ ਜਨਮਦੀ ਤੇ ਵਿਗਸਦੀ ਹੈ ਜਿਸ ਦਾ ਕੇਂਦਰੀ ਮਨੋਰਥ ਅਜਿਹੇ ਬੌਧਿਕ ਮਨੁੱਖ ਦੀ ਉਸਾਰੀ ਹੈ ਜਿਹੜਾ ਸਮਾਜ ਵਿਚਲੀਆਂ ਗਤੀਸ਼ੀਲ/ਅਗਤੀਸ਼ੀਲ, ਜਟਿਲ/ਸਰਲ, ਪਰੰਪਰਾਗਤ/ਆਧੁਨਿਕ ਤੇ ਸਿੱਧੀਆਂ/ਟੇਢੀਆਂ ਪਰਿਸਥਿਤੀਆਂ ਵਿੱਚ ਮਾਨਸਿਕ ਤੌਰ 'ਤੇ ਸੰਤੁਸ਼ਟਤਾ ਰੱਖਦਾ ਹੋਇਆ ਸਾਰਥਕ ਦਿਸ਼ਾ ਵੱਲ ਵਧਣ ਲਈ ਵਿਵੇਕਸ਼ੀਲ ਪਹੁੰਚ ਬਣਾਉਂਦਾ ਤੇ ਅਪਣਾਉਂਦਾ ਹੈ। ਸਾਧੂ ਸਿੰਘ, ਪਾਤਰ ਦੀ ਸਮੁੱਚੀ ਕਵਿਤਾ ਬਾਰੇ ਟਿੱਪਣੀ ਕਰਦਾ ਲਿਖਦਾ ਹੈ, "ਸੁਰਜੀਤ ਪਾਤਰ ਨੇ ਸਮਕਾਲੀ ਸਮੱਸਿਆਵਾਂ ਬਾਰੇ ਵੀ ਕਵਿਤਵਾਂ ਲਿਖੀਆਂ ਹਨ ਅਤੇ ਸਰਬਕਾਲੀ ਮਸਲਿਆਂ ਬਾਰੇ ਵੀ। ਮਸਲੇ ਦੀ ਵਸਤੂਗਤ ਤੇ ਕਾਲਗਤ ਨੌਈਅਤ ਭਾਵੇਂ ਕੋਈ ਵੀ ਹੋਵੇ, ਪਾਤਰ ਉਸਦੇ ਸਮੁੱਚੇ ਪਹਿਲੂਆਂ, ਪਰਤਾਂ ਤੇ ਪਾਸਾਰਾਂ ਦੇ ਜਟਿਲ ਅੰਤਰ-ਵਿਰੋਧਾਂ ਨੂੰ ਬਿਜਲਈ ਗਤੀ ਨਾਲ ਘੁੰਮ ਕੇ ਆਪਣੀ ਚੇਤਨਾ ਦੇ ਚੱਕ ਤੇ ਚਾੜ੍ਹ ਕੇ ਉਸਦੀ ਸਮੁੱਚਤਾ ਨੂੰ ਆਪਣੇ ਕਾਰਗਰ ਕਾਵਿਕ-ਮੰਤਰ ਤੇ ਬੰਧੇਜ ਨਾਲ ਇਕ ਸੰਤੁਲਨ ਪ੍ਰਦਾਨ ਕਰਦਾ ਹੈ"।[2] ਇੰਝ, ਸੁਰਜੀਤ ਪਾਤਰ ਦੀ ਕਵਿਤਾ ਵਿੱਚ ਵਿਸ਼ੇਗਤ ਤੌਰ 'ਤੇ ਵੰਨ-ਸਵੰਨਤਾ ਦੀ ਨਿਰੰਤਰ ਉਸਾਰੀ ਹੁੰਦੀ ਹੈ ਜਿਹੜੀ ਵਿਅਕਤੀ ਦੀ ਮਾਨਸਿਕਤਾ ਤੇ ਸੋਚ ਦੇ ਆਲ਼ੇ-ਦੁਆਲ਼ੇ ਬਣਾਈਆਂ ਰੂੜ੍ਹੀਵਾਦੀ ਬੰਦਿਸ਼ਾਂ ਤੇ ਸਥਿਰਤਾਵਾਂ ਨੂੰ ਤੋੜਨ ਦਾ ਸਾਧਨ ਬਣਦੀ ਹੈ। ਬੌਧਿਕ ਮਨੁੱਖ ਦੀ ਉਸਾਰੀ ਦੇ ਸੰਦਰਭ ਵਿੱਚ ਸੁਰਜੀਤ ਪਾਤਰ ਲਿਖਦਾ ਹੈ:

ਬਲਦਾ ਬਿਰਖ ਹਾਂ, ਖ਼ਤਮ ਹਾਂ ਬਸ ਸ਼ਾਮ ਤੀਕ ਹਾਂ
ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ
ਅੱਗ ਦਾ ਸਫ਼ਾ ਹੈ ਉਸ 'ਤੇ ਮੈਂ ਫੁੱਲਾਂ ਦੀ ਸਤਰ ਹਾਂ
ਉਹ ਬਹਿਸ ਕਰ ਰਹੇ ਨੇ ਗ਼ਲਤ ਹਾਂ ਕਿ ਠੀਕ ਹਾਂ[3]

ਆਧੁਨਿਕ ਪੰਜਾਬੀ ਪ੍ਰਗੀਤਕਾਰਾਂ ਦੀ ਚੌਥੀ ਪੀੜ੍ਹੀ ਵਿੱਚ ਪਾਤਰ ਨੂੰ ਸੰਵੇਦਨਸ਼ੀਲ, ਸਵੈ-ਚੇਤੰਨ ਅਤੇ ਪ੍ਰਤਿਭਾਵਾਨ ਹਸਤਾਖਰ ਮੰਨਿਆ ਜਾਂਦਾ ਹੈ। ਸਮਕਾਲੀ ਯਥਾਰਥ ਅਤੇ

ਯੁੱਗ ਚੇਤਨਾ ਪ੍ਰਤੀ ਡੂੰਘੀ ਸਮਝ ਰੱਖਦਾ ਹੋਣ ਕਰਕੇ ਪਾਤਰ ਪ੍ਰਗੀਤਕ ਕਾਵਿ ਨੂੰ ਆਧੁਨਿਕ ਜੀਵਨ ਦੀ ਯਥਾਰਥਵਾਦੀ ਚੇਤਨਾ ਨਾਲ਼ ਜੋੜਦਾ ਹੈ। ਉਸਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਸੱਜਰੀ ਪ੍ਰਗਟਾਅ ਸ਼ੈਲੀ, ਸੁਰੀਲੀ ਉਦਾਸ ਹੂਕ ਅਤੇ ਸੋਗੀ ਸੁਹਜਮਈ ਅਨੰਦ ਨਾਲ਼ ਮਾਲਾਮਾਲ ਕੀਤਾ ਹੈ। ਸੁਰਜੀਤ ਪਾਤਰ ਆਪਣੇ ਕਾਵਿ ਸੰਗ੍ਰਿਹਾਂ ਰਾਹੀਂ ਗ਼ਜ਼ਲ, ਗੀਤ, ਨਜ਼ਮ ਆਦਿ ਰੂਪਾਕਾਰਾਂ ਦੀ ਵਰਤੋਂ ਕਰਦਾ ਹੈ। ਪਾਤਰ ਕਾਵਿ ਦਾ ਹਰ ਰੂਪ ਗੇਅ ਅਤੇ ਸੰਗੀਤਮਈ ਅਨੰਦ ਨਾਲ਼ ਭਰਪੂਰ ਹੈ। ਪਾਤਰ ਦੀ ਸੰਗੀਤਕ ਪ੍ਰਗੀਤਕਤਾ ਬਾਰੇ ਵਿਚਾਰ ਪੇਸ਼ ਕਰਦੇ ਹੋਏ ਕੁਲਦੀਪ ਕੌਰ ਲਿਖਦੇ ਹਨ "ਪੰਜਾਬੀ ਕਾਵਿ-ਜਗਤ ਵਿੱਚ ਸੁਰਜੀਤ ਪਾਤਰ ਇਕ ਨਵੀਨਤਮ ਯੁਗ ਚੇਤਨਾ ਦਾ ਕਵੀ ਹੈ। ਉਹ ਸੰਗੀਤਕ ਬਿਰਤੀ ਵਾਲੀ ਪ੍ਰਗੀਤਾਤਮਕ ਕਵਿਤਾ ਤੇ ਗ਼ਜ਼ਲ ਕਹਿੰਦਾ ਹੈ, ਪਰ ਉਸਦਾ ਕਾਵਿ ਆਧੁਨਿਕ ਜੀਵਨ ਦੀ ਜੀਵੰਤ ਵਿਚਾਰਧਾਰਾ ਦਾ ਧਾਰਣੀ ਹੈ"[4] ਇਸ ਤਰ੍ਹਾਂ ਸੰਗੀਤਮਈ ਬਿਰਤੀ ਅਤੇ ਗ਼ਜ਼ਲ ਦਾ ਰਚੇਤਾ ਪਾਤਰ ਆਧੁਨਿਕ ਮਨੁੱਖ ਦੀ ਦਵੰਦਮਈ ਸਥਿਤੀ ਅਤੇ ਭਟਕਣਾਂ ਨੂੰ ਸੂਖਮ ਵਿਅੰਗ ਨਾਲ਼ ਕਾਵਿ ਵਿੱਚ ਪੇਸ਼ ਕਰਦਾ ਹੈ। ਇਹ ਵਿਲੱਖਣਤਾ ਉਸ ਨੂੰ ਪੰਜਾਬੀ ਕਾਵਿ ਜਗਤ ਵਿੱਚ ਪ੍ਰਮਾਣਿਕ ਹਸਤਾਖ਼ਰ ਵਜੋਂ ਪੇਸ਼ ਕਰਦੀ ਹੈ। ਸ਼ਾਇਦ ਇਸੇ ਲਈ ਸੰਤ ਸਿੰਘ ਸੇਖੋਂ ਨੇ ਕਿਹਾ ਸੀ:- "ਸੱਤ ਚੋਟੀਆਂ ਜਿਹਨੂੰ ਸਪਤ-ਸ੍ਰਿੰਗ ਕਹੀਦੈ, ਮੈਂ ਉਹਨਾਂ ਸਪਤ-ਸ੍ਰਿੰਗਾਂ ਵਿੱਚ ਭਾਈ ਵੀਰ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ, ਹਰਿਭਜਨ ਸਿੰਘ, ਸੁਰਜੀਤ ਪਾਤਰ ਤੇ ਪਾਸ਼....ਹੁਣ ਤੱਕ ਸਪਤ-ਸ੍ਰਿੰਗ ਨੇ।"[5]

ਸੁਰਜੀਤ ਪਾਤਰ ਆਪਣੀ ਸਮੁੱਚੀ ਕਾਵਿ ਰਚਨਾਂ ਰਾਹੀਂ ਕਿਸੇ ਇੱਕ ਵਾਦ, ਵਿਚਾਰਧਾਰਾ ਜਾਂ ਵਿਸ਼ੇ 'ਤੇ ਕੇਂਦਰਿਤ ਨਹੀਂ ਰਹਿੰਦਾ ਸਗੋਂ ਜੀਵਨ ਦੇ ਅਹਿਮ ਪੱਖਾਂ ਨੂੰ ਦ੍ਰਿਸ਼ਟੀਗੋਚਰ ਕਰਕੇ ਬਹੁਪੱਖੀ ਸ਼ਖ਼ਸੀਅਤ ਦੁਆਰਾ ਹਰ ਪੱਖ ਨੂੰ ਲੈਆਤਮਿਕ ਤਰੀਕੇ ਨਾਲ਼ ਢੁੱਕਵੇਂ ਰੂਪ ਵਿੱਚ ਪੇਸ਼ ਕਰਦਾ ਹੈ। ਆਪਣੀ ਸੰਵੇਦਨਸ਼ੀਲ ਪ੍ਰਤਿਭਾ ਰਾਹੀਂ ਪਾਤਰ ਨੇ ਸਮਕਾਲੀ/ਸਰਬਕਾਲੀ ਸਮੱਸਿਆਵਾਂ ਬਾਰੇ ਨਿੱਠ ਕੇ ਕਲਮ ਵਾਹੀ ਹੈ। ਉਹ ਇੱਕੋ ਸਮੇਂ ਹੀ ਭੂਤ, ਭਵਿੱਖ ਅਤੇ ਵਰਤਮਾਨ ਦੀ ਸੋਝੀ ਕਰਾਉਂਦਾ ਹੈ। ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਸਭਿਆਚਾਰਿਕ ਸਰੋਕਾਰਾਂ ਰਾਹੀਂ ਆਧੁਨਿਕ ਮਨੁੱਖ ਦੀ ਹੋਣੀ, ਮਾਨਸਿਕ ਖਿੱਚੋਤਾਣ, ਮਨੁੱਖੀ ਇਤਿਹਾਸ, ਪੰਜਾਬੀ ਸਭਿਆਚਾਰ ਦਾ ਰੂਪਾਂਤਰਣ, ਔਰਤ ਮਰਦ ਦੇ ਪ੍ਰੇਮ ਸੰਬੰਧਾਂ, ਅਤ੍ਰਿਪਤ ਰੀਝਾਂ, ਰਾਜਨੀਤਿਕ ਸਥਿਤੀ, ਅੰਦਰੂਨੀ ਸਵੈ ਵਿਰੋਧ,

ਮਾਰਕਸਵਾਦੀ ਦ੍ਰਿਸ਼ਟੀਕੋਣ, ਸਰਮਾਏਦਾਰਾਂ ਦਾ ਗੈਰ ਮਨੁੱਖੀ ਵਤੀਰਾ ਤੇ ਹਾਲਾਤ ਨਾਲ਼ ਜੂਝਣ ਦੀ ਪ੍ਰੇਰਨਾ ਆਦਿ ਵਿਸ਼ਿਆਂ ਨੂੰ ਵਿਚਾਰਧਾਰਿਕ ਪੱਖ ਤੋਂ ਪ੍ਰਗੀਤਕ ਸੁਰ ਵਿੱਚ ਪੇਸ਼ ਕਰਦਾ ਹੈ। ਸ.ਨ. ਸੇਵਕ ਦੇ ਅਨੁਸਾਰ "ਪੰਜਾਬੀ ਕਾਵਿ ਰਚਨਾਂ ਦੇ ਖੇਤਰ ਵਿੱਚ ਸੁਰਜੀਤ ਪਾਤਰ ਇੱਕ ਅਜਿਹੀ ਸੁਰ ਲੈ ਕੇ ਉਦੈ ਹੋਇਆ ਹੈ ਜਿਸ ਵਿੱਚ ਪ੍ਰਾਚੀਨਤਾ ਵੀ ਹੈ ਤੇ ਨਵੀਨਤਾ ਵੀ, ਨਿਰਾਸ਼ਾ ਵੀ ਹੈ ਤੇ ਆਸ਼ਾ ਵੀ, ਪਰੰਪਰਾ ਵੀ ਹੈ ਤੇ ਪ੍ਰਯੋਗ ਵੀ, ਰੋਮਾਂਸ ਵੀ ਹੈ ਤੇ ਵਾਸਤਵਿਕਤਾ ਵੀ, ਪ੍ਰਗੀਤਵਾਦ ਵੀ ਹੈ ਤੇ ਅਸਤਿਤਵਾਦ ਵੀ, ਭਰਮ ਵੀ ਹੈ ਤੇ ਯਥਾਰਥ ਵੀ।"[6]

ਹਰ ਸਾਹਿਤਕ ਰਚਨਾਂ ਆਪਣੇ ਸਮੇਂ ਦਾ ਸੱਚ ਹੁੰਦੀ ਹੈ। ਪਾਤਰ ਨੇ ਆਪਣੇ ਸਮੇਂ ਦੇ ਸੱਚ ਨੂੰ ਬੜੀ ਸ਼ਿੱਦਤ ਦੇ ਨਾਲ਼ ਪੇਸ਼ ਕੀਤਾ ਹੈ। ਪਾਤਰ ਨੇ ਆਧੁਨਿਕ ਪੰਜਾਬ ਦੇ ਜਨ ਸਾਧਾਰਨ ਵੱਲੋਂ ਮਹਿਸੂਸ ਕੀਤੇ ਯਥਰਾਥ, ਸੰਤਾਪ, ਉਦਾਸੀ, ਮਨੁੱਖਤਾ ਦੇ ਕੀਤੇ ਜਾ ਰਹੇ ਘਾਣ ਅਤੇ ਬੇਵੱਸ ਮਾਨਸਿਕਤਾ ਨੂੰ 'ਦਸਤਾਰ ਰੱਤ ਲਿਬੜੀ' 'ਧੁਖਦਾ ਜੰਗਲ' 'ਨਜ਼ਰ' 'ਇਕ ਦਰਿਆ' ਆਦਿ ਕਵਿਤਾਵਾਂ ਰਾਹੀਂ ਪੇਸ਼ ਕੀਤਾ ਹੈ। ਜਿਸ ਵਿੱਚ ਦਹਿਸ਼ਤ ਦੇ ਦਿਨਾਂ ਦੌਰਾਨ ਪੰਜਾਬ ਦੀ ਸਥਿੱਤੀ ਨੂੰ ਮਾਤਮ, ਹਿੰਸਾ, ਖ਼ੌਫ, ਧੌਂਸ, ਫਿਰਕੂ ਅੱਗ, ਬੇਵਸੀ ਤੇ ਅਨਿਆਂ ਰਾਹੀਂ ਅਭਿਵਿਅਕਤ ਕੀਤਾ ਹੈ। ਦਹਿਸ਼ਤ ਦੇ ਦਿਨਾਂ ਦੌਰਾਨ ਪੰਜਾਬ ਦੀ ਖੰਡਰ ਹੋ ਚੁੱਕੀ ਮਾਨਸਿਕਤਾ ਅਤੇ ਸਥਾਪਿਤ ਕਲਚਰ 'ਚੋਂ ਉਪਜੀ ਨਿਰਾਸ਼ਾ ਨੂੰ ਪੇਸ਼ ਕਰਦਾ ਹੋਇਆ ਪਾਤਰ ਦਰਦੀਲੀ ਤੇ ਵਲੂੰਧਰੀ ਸੁਰ ਵਿੱਚ ਕੁਰਲਾ ਉੱਠਦਾ ਹੈ:

ਨਦੀ ਏਨੀ ਚੜ੍ਹੀ ਕਿ ਨੀਰ ਦਹਿਲੀਜ਼ਾਂ 'ਤੇ ਚੜ੍ਹ ਆਇਆ,
ਬਦੀ ਏਨੀ ਵਧੀ ਕਿ ਆਪਣੇ ਵਿਚਕਾਰ ਆਈ ਹੈ।[7]

ਸੂਕ ਰਹੇ ਜੰਗਲ ਨੂੰ ਕੀਕਣ ਚੁੱਪ ਕਰਾਵਾਂ ਮੈਂ।
ਕੱਲੇ ਕੱਲੇ ਰੁੱਖ ਨੂੰ ਜਾ ਕੇ ਕੀ ਸਮਝਾਵਾਂ ਮੈਂ।[8]

ਲੱਗੀ ਨਜ਼ਰ ਪੰਜਾਬ ਨੂੰ, ਏਦ੍ਹੀ ਨਜ਼ਰ ਉਤਾਰੋ।
ਲੈ ਕੇ ਮਿਰਚਾਂ ਕੌੜੀਆਂ, ਏਦੇ ਸਿਰ ਤੋਂ ਵਾਰੋ।[9]

ਪਾਤਰ ਆਪਣੀ ਕਾਵਿ ਰਚਨਾ ਰਾਹੀਂ ਪਿਆਰ ਅਤੇ ਕਾਮ ਨਾਲ਼ ਸੰਬੰਧਿਤ ਵਿਸ਼ਿਆਂ ਨੂੰ ਬਾਖੂਬੀ ਚਿਤਰਦਾ ਹੈ। ਉਹ ਪਿਆਰ ਅਤੇ ਕਾਮ ਸੰਬੰਧਾਂ ਨੂੰ ਮਨੋਵਿਗਿਆਨਿਕ

ਦ੍ਰਿਸ਼ਟੀਕੋਣ ਤੋਂ ਪਰਖਦਾ ਹੈ। ਮਨੁੱਖੀ ਜੀਵਨ ਵਿੱਚ ਪਿਆਰ ਇੱਕ ਸੱਚਾਈ ਹੈ ਜਿਸ ਤੋਂ ਕਦੇ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਤਰ੍ਹਾਂ ਪਾਤਰ ਕਾਵਿ ਵਿੱਚ ਅਸਫ਼ਲਤਾ, ਬੇਵਸੀ, ਉਦਾਸੀ, ਇਕਸੁਰਤਾ, ਸਨੇਹ, ਨੇੜਤਾ, ਜਿਸਮੀ ਅਨੰਦ ਅਤੇ ਰੂਹਾਨੀ ਤ੍ਰਿਪਤੀ ਸਭ ਰੰਗ ਮਿਲਦੇ ਹਨ। ਪਿਆਰ ਅਤੇ ਕਾਮ ਸੰਬੰਧਾਂ ਦੀ ਗੱਲ ਕਰਦਾ ਹੋਇਆ ਪਾਤਰ ਬੇਬਾਕੀ ਤੋਂ ਕੰਮ ਲੈਂਦਾ ਹੈ ਤੇ ਪ੍ਰੇਮੀ ਨੂੰ ਸਿੱਧੇ ਨਹੋਰੇ ਨਹੀਂ ਮਾਰਦਾ। ਜਸਵਿੰਦਰ ਸਿੰਘ ਅਨੁਸਾਰ "ਪਾਤਰ ਦੀ ਪਿਆਰ ਸੰਵੇਦਨਾ ਨਾ ਤਾਂ ਪਰੰਪਰਾਗਤ ਸ਼ਾਇਰਾਂ ਵਾਂਗ ਮਹਿਬੂਬਾਂ ਨੂੰ ਬੇਵਫ਼ਾ, ਬੇਈਮਾਨ ਜਾਂ ਅਜਿਹੇ ਹੋਰ ਲਕਬ ਦੇ ਕੇ ਸੰਤੁਸ਼ਟ ਹੁੰਦੀ ਹੈ ਅਤੇ ਨਾ ਹੀ ਉਹ ਆਪਣੀ ਵਫ਼ਾਈ ਸਚਾਈ ਦਾ ਢੰਡੋਰਾ ਪਿੱਟਦਾ ਹੈ। ਪਾਤਰ ਦਾ ਪਿਆਰ ਅਨੁਭਵ ਮੁੱਖ ਤੌਰ 'ਤੇ ਵਿਯੋਗ, ਤਨਹਾਈ, ਤੜਪ, ਬੇਕਰਾਰੀ ਅਤੇ ਉਦਾਸੀ ਦਾ ਹੈ।"[10] ਪਾਤਰ ਭਾਵੇਂ ਰੀਤ ਨਾਲੋਂ ਪ੍ਰੀਤ ਨੂੰ ਜ਼ਿਆਦਾ ਮਹੱਤਵ ਦਿੰਦਾ ਹੈ ਪਰ ਉਸਦੀ ਰਚਨਾਂ ਵਿੱਚ ਪਿਆਰ ਅਤੇ ਕਾਮ ਸੰਬੰਧਾਂ ਬਾਰੇ ਦਵੰਦ ਮਿਲਦਾ ਹੈ। ਅਪ੍ਰਵਾਨ ਰਿਸ਼ਤਿਆਂ ਬਾਰੇ ਮਨੋਵਿਗਿਆਨਿਕ ਟਿੱਪਣੀਆਂ ਕਰਦਾ ਹੋਇਆ ਪਾਤਰ ਲਿੰਗ ਚੇਤਨਾ ਦੇ ਨੈਤਿਕ ਸੰਦਰਭ ਵਿੱਚ ਲਿੰਗਕ ਤੇ ਅਪਰਾਧਿਕ ਭਾਵਨਾਵਾਂ ਨੂੰ ਸਿਰਜਣਾ ਦਾ ਆਧਾਰ ਬਣਾਉਂਦਾ ਹੈ:

ਹਾਂ ਮੈਂ ਆਪੇ ਹੀ ਕਿਹਾ ਸੀ ਹੋਂਠ ਸੁੱਚੇ ਰੱਖਣੇ,
ਹਾਇ ਪਰ ਇਸ ਪਿਆਸ ਤੇ ਉਸ ਬਾਤ ਵਿਚਲਾ ਫ਼ਾਸਿਲਾ।[11]

ਜੋ ਬਹੁਤ ਹੀ ਪਿਆਸ ਹੈ ਤਾਂ ਮੇਟ ਦੇਵਾਂ ਉਸ ਕਿਹਾ,
ਰਿਸ਼ਤਿਆਂ ਤੇ ਰਿਸ਼ਤਿਆਂ ਦੇ ਘਾਤ ਵਿਚਲਾ ਫ਼ਾਸਿਲਾ।[12]

ਸੁਰਜੀਤ ਪਾਤਰ ਪੰਜਾਬੀ ਲੋਕ-ਮਨ ਦੀ ਨਬਜ਼ ਖ਼ੂਬ ਪਹਿਚਾਣਦਾ ਹੈ। ਇੱਕ ਸਮਾਜਿਕ ਪ੍ਰਾਣੀ ਹੋਣ ਦੇ ਨਾਂ 'ਤੇ ਆਧੁਨਿਕ ਮਨੁੱਖ ਦੀਆਂ ਅਧੂਰੀਆਂ ਅਤ੍ਰਿਪਤ ਰੀਝਾਂ, ਅੰਤਰੀਵ ਮਾਨਸਿਕ ਤਨਾਓ, ਅਸਤਿਤਵ ਦੀਆਂ ਜਟਿੱਲ ਸਮੱਸਿਆਵਾਂ ਅਤੇ ਗੁੰਝਲਾਂ ਨੂੰ ਪ੍ਰਗੀਤਕ ਸੁਰ ਵਿੱਚ ਅਲਾਪਦਾ ਹੈ। ਜਿਸ ਕਰਕੇ ਪਾਤਰ ਕਾਵਿ ਵਿੱਚ ਸਮਾਜ ਵੱਲੋਂ ਪਿਆਰ 'ਤੇ ਲੱਗੀਆਂ ਪਾਬੰਦੀਆਂ ਕਾਰਨ ਪ੍ਰੇਮੀਆਂ ਨੂੰ ਡਰ, ਬੇਵਸੀ, ਉਦਾਸੀ ਅਤੇ ਖ਼ੌਫ ਹੈ ਅਤੇ ਪਿਆਰ ਦਾ ਬਿਰਹਾ ਤੇ ਸੰਤਾਪਮਈ ਅਤ੍ਰਿਪਤ ਜ਼ਖਮੀ ਅਹਿਸਾਸ, ਬੰਦਸ਼ਾਂ, ਅਤ੍ਰਿਪਤ ਭਾਵਨਾਵਾਂ ਅਤੇ ਰੀਝਾਂ ਉਮੰਗਾਂ ਦਾ ਵਿਰਲਾਪ ਹੈ:

ਤੂੰ ਕਾਲੇ ਚਸ਼ਮੇ ਨਾ ਲਾਹੇ ਤੇ ਮੇਰੀ ਰੀਝ ਰਹੀ,

ਮੈਂ ਤੇਰੇ ਨੈਣ ਤਾਂ ਕੀ ਤੇਰੇ ਖ਼ਾਬ ਤੱਕ ਦੇਖਾਂ।[13]

ਪਾਤਰ ਦੀ ਕਵਿਤਾ ਵਿੱਚ ਪ੍ਰਕਿਰਤੀ ਦੀ ਅਦਭੁਤਤਾ ਅਤੇ ਅੰਤਾਂ ਦੀ ਖ਼ੂਬਸੂਰਤੀ ਹੈ। ਉਹ ਆਪਣੀ ਕਵਿਤਾ ਰਾਹੀਂ ਸਿਰਜਣਾ ਦਾ ਆਧਾਰ ਰਹੇ ਹਰਫ਼ਾਂ ਤੋਂ ਲੈ ਕੇ ਜੰਗਲਾਂ, ਪਹਾੜਾਂ, ਧਰਤੀ ਅਤੇ ਰੁੱਖਾਂ ਦਾ ਚਿਤਰਣ ਬਾਖ਼ੂਬੀ ਕਰਦਾ ਹੈ। ਪਾਤਰ ਜਦੋਂ ਆਪਣੇ ਕਾਵਿ ਰਾਹੀਂ ਪ੍ਰਕਿਰਤੀ ਨੂੰ ਮੁਹੱਬਤ ਭਰੀ ਰੰਗਤ ਦਿੰਦਾ ਹੈ ਤਾਂ ਪ੍ਰਕਿਰਤੀ ਚੁੱਪਚਾਪ ਉਸ ਦੇ ਸਫ਼ਿਆਂ 'ਤੇ ਵਿਛ ਜਾਂਦੀ ਹੈ। ਬਿਰਖ਼, ਜੰਗਲ, ਕਪਾਹ, ਚੰਨ, ਤਾਰੇ, ਸੂਰਜ, ਜੁਆਲਾਮੁਖੀ ਅਤੇ ਫੁੱਲਾਂ ਦੀ ਖ਼ੂਬਸੂਰਤੀ ਆਦਿ ਕੁਦਰਤੀ ਦ੍ਰਿਸ਼ ਉਸ ਨੂੰ ਕਵਿਤਾ ਲਿਖਣ ਲਈ ਮਜ਼ਬੂਰ ਕਰਦੇ ਹਨ। ਇਸ ਤਰ੍ਹਾਂ ਪ੍ਰਕਿਰਤੀ ਚਿਤਰਣ ਕਰਦਾ ਹੋਇਆ ਪਾਤਰ ਲਿਖਦਾ ਹੈ:

ਧਰਤੀਏ ਇਹ ਬਿਰਖ ਤੇਰੇ ਸ਼ਾਜ ਬਣਨਾ ਲੋਚਦੇ
ਤੇਰੀਆਂ ਧਾਤਾਂ ਬਹੁਤ ਸਾਜਾਂ ਦੀਆਂ ਤਾਰਾਂ ਬਣਨ[14]

ਲੋਕੀ ਮੈਨੂੰ ਦਸਦੇ ਆਕੇ ਉਸਦੀਆਂ ਨਵੀਆਂ ਰ੍ਹਾਵਾਂ।
ਇਕ ਹਵਾ ਦੇ ਬੁੱਲ੍ਹੇ 'ਤੇ ਮੈਂ ਨਾ ਲਿਖ ਕੇ ਪਛਤਾਵਾਂ।[15]

ਕਿੰਨੇ ਚਸ਼ਮੇ ਤੇ ਕਿੰਨੇ ਹੀ ਜੁਆਲਾਮੁਖੀ
ਕਿੰਨੀ ਕੋਮਲ ਤੇ ਕਿੰਨੀ ਖ਼ੂੰਖਾਰ ਵੀ
ਤੇਰੀ ਕੁਦਰਤ ਹੈ ਫੁੱਲ 'ਤੇ ਪਈ ਤ੍ਰੇਲ ਵੀ
ਤੇਰੀ ਕੁਦਰਤ ਹੀ ਹੈ ਹਿਰਨੀਆਂ ਦਾ ਲਹੂ[16]

ਪਾਤਰ ਮੂਲ ਰੂਪ ਵਿੱਚ ਪ੍ਰਗਤੀਵਾਦੀ ਵਿਚਾਰਧਾਰਾ ਦਾ ਧਾਰਨੀ ਹੋਣ ਕਰਕੇ ਹਰ ਚੀਜ਼ ਨੂੰ ਯਥਾਰਥਕ ਤਰੀਕੇ ਨਾਲ਼ ਮਾਰਕਸਵਾਦੀ ਨਜ਼ਰੀਏ ਤੋਂ ਨਿਹਾਰਦਾ ਹੈ। ਕਰਮਕਾਂਡਾਂ ਅਤੇ ਧਾਰਮਿਕ ਵਿਸ਼ਵਾਸਾਂ ਤੋਂ ਉੱਪਰ ਉੱਠ ਕੇ ਸੱਚ ਦਾ ਧਾਰਨੀ ਬਣਦਾ ਹੈ। ਉਸ ਦੀ ਵਿਗਿਆਨਿਕ ਵਿਚਾਰਧਾਰਾ ਤਰਕਹੀਣ ਧਾਰਮਿਕ ਵਰਤਾਰੇ ਦਾ ਵਿਰੋਧ ਕਰਦੀ ਹੋਈ ਮੂਰਤੀ, ਪਿੱਤਰ, ਪਿੰਜਰ, ਰੁੱਖ ਅਤੇ ਕਬਰਾਂ ਪੂਜਣ ਦੇ ਨਾਲ਼-ਨਾਲ਼ ਧਾਰਮਿਕ ਠੇਕੇਦਾਰਾਂ ਦੀ ਨਿੰਦਾ ਵੀ ਕਰਦੀ ਹੈ। ਧਾਰਮਿਕ ਠੇਕੇਦਾਰਾਂ ਦੁਆਰਾ ਆਮ ਸਾਧਾਰਨ ਮਨੁੱਖ ਨੂੰ ਧਰਮ ਦੇ ਨਾਂ 'ਤੇ ਤਰ੍ਹਾਂ-ਤਰ੍ਹਾਂ ਦੇ ਲਾਲਚ ਅਤੇ ਡਰਾਵੇਂ ਦੇ ਕੇ ਵਰਗਲਾਇਆ ਤੇ ਗੁਮਰਾਹ

ਕੀਤਾ ਜਾਂਦਾ ਹੈ। ਇਸ ਲਈ ਪਾਤਰ ਧਾਰਮਿਕ ਅੰਧਵਿਸ਼ਵਾਸਾਂ ਅਤੇ ਕਰਮਕਾਡਾਂ ਨੂੰ ਛੱਡ ਕੇ ਅਸਲ ਸੱਚ ਪਹਿਚਾਣਨ 'ਤੇ ਜ਼ੋਰ ਦਿੰਦਾ ਹੈ:

ਤੂੰ ਪਿੰਜਰ, ਪ੍ਰੇਤ, ਕਬਰਾਂ ਪੂਜਦਾ ਏਂ,
ਮੈਂ ਪੂਜਾਂ ਬੱਚਿਆਂ ਦੀ ਮੁਸਕਣੀ ਨੂੰ।[17]

ਬਣਾ ਖ਼ੁਦ ਮੁਹੱਬਤ ਦਾ ਪੁਲ਼ ਤੂੰ ਖ਼ੁਦਾ ਤੱਕ
ਕਿ ਤੂੰ ਠੇਕੇਦਾਰਾਂ ਦਾ ਮਜ਼ਦੂਰ ਕਿਉਂ ਹੈ[18]

ਪਾਤਰ ਆਪਣੇ ਸਮਕਾਲੀ ਰਾਜਨੀਤਿਕ ਪ੍ਰਬੰਧ ਤੋਂ ਅਸੰਤੁਸ਼ਟ ਹੈ ਤੇ ਉਸ ਅੰਦਰ ਜ਼ਾਲਮ ਹਕੂਮਤਾਂ ਪ੍ਰਤੀ ਰੋਹ ਹੈ। ਕਿਉਂਕਿ ਜ਼ਾਬਰ ਹਕੂਮਤਾਂ ਦੇ ਰਾਜ ਵਿੱਚ ਮਨੁੱਖ ਬਦਤਰ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੈ ਇਸ ਲਈ ਉਹ ਆਧੁਨਿਕ ਮਨੁੱਖ ਦੀ ਹੋਣੀ ਨੂੰ ਜ਼ੁਲਮ, ਭੈਅ, ਮਾਤਮ, ਹਿੰਸਾ, ਖ਼ੌਫ, ਬੇਵਸੀ ਅਤੇ ਅਨਿਆ ਰਾਹੀਂ ਅਭਿਵਿਅਕਤ ਕਰਦਾ ਹੈ। ਮਨੁੱਖ ਦੀ ਨਪੀੜੀ ਜਾ ਰਹੀ ਮਾਨਸਿਕਤਾ ਨੂੰ ਚਿਤਰਦਾ ਪਾਤਰ ਹਕੂਮਤ ਦੀ ਮੁਖੌਟੇਧਾਰੀ ਚੇਤਨਾ ਤੋਂ ਵੀ ਭਲੀ ਭਾਂਤ ਜਾਣੂ ਹੈ। ਜਿਸ ਕਰਕੇ ਪਾਤਰ ਮਨੁੱਖਤਾ ਨੂੰ ਨਿਗਲ ਰਹੀ ਰਾਜਨੀਤਿਕ ਸਿਆਸਤ ਨੂੰ ਲਾਹਨਤ ਪਾਉਂਦਾ ਹੈ। ਕੁਰਸੀ ਦੀ ਖਾਤਰ ਲੀਡਰ ਆਮ ਭੋਲੇ ਭਾਲੇ ਲੋਕਾਂ ਨੂੰ ਧਰਮ, ਜਾਤ, ਜਮਾਤ ਅਤੇ ਨਸਲ ਦੇ ਨਾਂ 'ਤੇ ਲੜਾਉਂਦੇ ਰਹਿੰਦੇ ਹਨ। ਸੱਚ ਨੂੰ ਦਬਾਉਣ ਲਈ ਹਰ ਦਾਅ ਵਰਤਿਆ ਜਾਂਦਾ ਹੈ 'ਤੇ ਸੱਚ ਬੋਲਣ ਅਤੇ ਲਿਖਣ ਤੇ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ। ਸੱਚ ਬੋਲਣ ਅਤੇ ਲਿਖਣ ਵਾਲੇ ਨੂੰ ਪੂੰਜੀਵਾਦੀ ਜ਼ਾਬਰ ਹਕੂਮਤਾਂ ਦੁਆਰਾ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਰਾਜਸੀ ਨੇਤਾਵਾਂ ਦੀਆਂ ਇਨ੍ਹਾਂ ਮੁਖੌਟੇਧਾਰੀ ਨੀਤੀਆਂ ਦਾ ਪਾਜ ਉਘਾੜਦਾ ਪਾਤਰ ਲਿਖਦਾ ਹੈ:

ਡੂੰਘੇ ਵੈਣਾਂ ਦਾ ਕੀ ਮਿਣਨਾ, ਤਖ਼ਤ ਦੇ ਪਾਵੇ ਮਿਣੀਏ।
ਜਦ ਤਕ ਉਹ ਲਾਸ਼ਾਂ ਗਿਣਦੇ ਨੇ, ਆਪਾਂ ਵੋਟਾਂ ਗਿਣੀਏ[19]

ਵਿਸ਼ੇ ਨੂੰ ਅਭਿਵਿਅਕਤ ਕਰਨ ਦੇ ਲਈ ਕਾਵਿ ਵਿੱਚ ਜਿਨ੍ਹਾਂ ਜੁਗਤਾਂ ਨੂੰ ਵਰਤਿਆ ਜਾਂਦਾ ਹੈ ਉਹ ਉਸਦੇ ਕਲਾਤਮਕ ਪੱਖ ਵਿੱਚ ਆਉਂਦੀਆਂ ਹਨ। ਸੁਰਜੀਤ ਪਾਤਰ ਨੇ ਪੂਰਵ ਸਿਰਜਿਤ ਕਾਵਿ ਵਿੱਚ ਕਲਾ ਪੱਖੋਂ ਵਿਸ਼ੇਸ਼ ਤਬਦੀਲੀਆਂ ਲਿਆਉਣ ਦਾ ਉਚੇਚਾ ਯਤਨ ਕੀਤਾ ਹੈ। ਹਰ ਕਵੀ ਦਾ ਆਪਣਾ ਵਿਸ਼ੇਸ਼ ਲਿਖਣ ਢੰਗ ਹੁੰਦਾ ਹੈ। ਕਿਸੇ ਕਵੀ ਦੇ ਵਿਚਾਰ

ਭਾਵੇਂ ਕਿੰਨੇ ਵੀ ਵਧੀਆ ਕਿਉਂ ਨਾ ਹੋਣ ਪਰ ਜਿਨ੍ਹਾਂ ਚਿਰ ਉਹ ਉਸਦੀ ਪੇਸ਼ਕਾਰੀ ਵਧੀਆ ਢੰਗ ਨਾਲ਼ ਨਹੀਂ ਕਰਦਾ ਤਾਂ ਉਹ ਆਪਣੇ ਵਿਚਾਰਾਂ ਵਿੱਚ ਜਾਨ ਨਹੀਂ ਪਾ ਸਕਦਾ। ਪਰ ਪਾਤਰ ਆਪਣੇ ਅਨੁਭਵ ਦੇ ਪ੍ਰਗਟਾਵੇ ਲਈ ਗ਼ਜ਼ਲ, ਨਜ਼ਮ ਅਤੇ ਗੀਤ ਦੀ ਵਰਤੋਂ ਕਰਦਾ ਹੋਇਆ ਆਪਣੇ ਪ੍ਰਗੀਤਕ ਸੁਭਾਅ ਅਤੇ ਸੰਗੀਤਕ ਲਹਿਜੇ ਦੇ ਕਾਰਨ ਰਚਨਾ ਵਿੱਚ ਜਾਨ ਪਾ ਦਿੰਦਾ ਹੈ। ਪਾਤਰ ਦੀ ਹਰ ਗ਼ਜ਼ਲ, ਗੀਤ ਗਹਿਰੀ ਉਦਾਸੀ, ਕਰੁਣਾ ਅਤੇ ਮਾਨਵੀ ਸੰਵੇਦਨਾ ਨਾਲ਼ ਛਲਕਦੀ ਹੈ ਤੇ ਹਰ ਰਚਨਾ ਸਮਾਜ ਦੇ ਕਿਸੇ ਨਾ ਕਿਸੇ ਵਰਗ ਦੀ ਕਹਾਣੀ ਬਿਆਨਦੀ ਹੈ। ਉਸ ਦੀ ਹਰ ਰਚਨਾ ਦਾ ਅੰਤ ਨਾਟਕੀ, ਤਿੱਖਾ ਵਿਅੰਗ ਅਤੇ ਸੁਝਾਊ ਅੰਤ ਹੁੰਦਾ ਹੈ। ਤੇਜਵੰਤ ਸਿੰਘ ਗਿੱਲ ਦੇ ਅਨੁਸਾਰ "ਇਹਨਾਂ ਵਿਭਿੰਨ ਗੱਲਾਂ ਨੂੰ ਤਸੱਵਰ ਵਿੱਚ ਰੱਖ ਕੇ ਜੇ ਸੁਰਜੀਤ ਪਾਤਰ ਦੀ ਕਾਵਿ ਰਚਨਾ ਦੇ ਉਦਭਵ/ਅਰੰਭ ਨੂੰ ਚਿਤਾਰਿਆ ਜਾਵੇ ਤਾਂ ਇਸਦਾ ਧਰਾਤਲ ਵਾਸਤਵ ਵਿੱਚ ਸੰਬੋਧਨੀ, ਪ੍ਰਗੀਤਕ, ਇਕਬਾਲੀਆ ਅਤੇ ਨਾਟਕੀ ਚਾਰ ਪ੍ਰਵਿਰਤੀਆਂ ਦਾ ਬਣਦਾ ਹੈ"[20]

ਪਾਤਰ ਵਿਚਾਰਧਾਰਾ ਨਾਲੋਂ ਕਾਵਿ ਯੋਗਤਾ ਨੂੰ ਮਹੱਤਵ ਦਿੰਦਾ ਹੈ ਤੇ ਵਿਚਾਰਧਾਰਾ ਉਸਦੀਆਂ ਪ੍ਰਗੀਤਕ ਰਚਨਾਵਾਂ ਵਿੱਚ ਅਗਰਭੂਮੀ 'ਤੇ ਨਹੀਂ ਆਉਂਦੀ ਜਿਸ ਕਰਕੇ ਸਤਿਅਮ, ਸ਼ਿਵਮ ਅਤੇ ਸੁੰਦਰਮ ਦਾ ਕਾਵਿ ਸਿਧਾਂਤ ਉਸਦੇ ਪ੍ਰਗੀਤ ਕਾਵਿ ਵਿੱਚ ਅਗਰਭੂਮੀ 'ਤੇ ਰਹਿੰਦਾ ਹੈ। ਪਾਤਰ ਦੁਆਰਾ ਵਰਤੇ ਗਏ ਬਿੰਬ, ਪ੍ਰਤੀਕ, ਰਸ, ਅਲੰਕਾਰ, ਰਾਗ, ਛੰਦ, ਭਾਸ਼ਾ, ਇਤਿਹਾਸਿਕ, ਮਿਥਿਹਾਸਿਕ, ਸਭਿਆਚਾਰਿਕ ਅਤੇ ਲੋਕਧਾਰਾਈ ਸਮੱਗਰੀ, ਪ੍ਰੀਤ ਕਹਾਣੀਆਂ, ਨਾਇਕਾਂ ਅਤੇ ਨਾਇਕਾਵਾਂ ਦੇ ਹਵਾਲੇ ਉਸਦੀ ਕਾਵਿ ਕਲਾ ਅਤੇ ਡੂੰਘੇ ਗਿਆਨ ਦੇ ਸੂਚਕ ਹਨ।

ਸੁਰਜੀਤ ਪਾਤਰ ਦੀ ਵਿਲੱਖਣ ਖ਼ੂਬੀ ਕਵਿਤਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਜੀਵ ਦ੍ਰਿਸ਼, ਨਵੇਂ ਅਤੇ ਸੱਜਰੇ ਬਿੰਬ ਸਿਰਜਣ ਦੀ ਹੈ। ਪਾਤਰ ਨੇ ਆਪਣੀ ਕਲਪਨਾ ਸ਼ਕਤੀ ਰਾਹੀਂ ਅਜਿਹੇ ਬਿੰਬਾਂ ਦਾ ਨਿਰਮਾਣ ਕੀਤਾ ਹੈ, ਜਿਨ੍ਹਾਂ ਵਿੱਚ ਨਵੀਨਤਾ ਅਤੇ ਸੁਹਜਾਤਮਕਤਾ ਦਾ ਸੁਮੇਲ ਹੈ। ਉਸਨੇ ਜ਼ਿਆਦਾਤਰ ਪ੍ਰਕਿਰਤਕ ਅਤੇ ਸਮਾਜਿਕ ਖੇਤਰ, ਸਭਿਆਚਾਰਿਕ ਅਤੇ ਲੋਕਧਾਰਾ ਵਿੱਚੋਂ ਸਮੱਗਰੀ ਲੈ ਕੇ ਮੌਲਿਕ ਬਿੰਬ ਸਿਰਜਣਾ ਕੀਤੀ ਹੈ। ਸੁਰਜੀਤ ਪਾਤਰ ਨੇ ਆਪਣੇ ਕਾਵਿ ਵਿੱਚ ਪੌਣ, ਰੁੱਖ, ਜੰਗਲ, ਹਵਾ, ਸੂਰਜ, ਛਾਂ, ਧੁੱਪ, ਜਿਸਮਾਂ ਦਾ ਜੰਗਲ, ਧੁੱਖਦਾ ਰੁੱਖ, ਮੌਤ, ਰਾਤ ਦਾ ਜੰਗਲ, ਬਲਦਾ ਬਿਰਖ਼, ਦਿਨ, ਰਾਤ, ਚੰਨ, ਤਾਰੇ, ਆਦਿ ਢੁੱਕਵੇ ਅਤੇ ਖ਼ੂਬਸੂਰਤ ਬਿੰਬਾਂ ਦੀ ਵਰਤੋਂ ਕੀਤੀ ਹੈ।

ਅਮਰਜੀਤ ਸਿੰਘ ਪਰਾਗ ਦੇ ਅਨੁਸਾਰ "ਰਿਸ਼ਤਿਆਂ ਦੀਆਂ ਪੇਚਦਾਰ ਪਰਤਾਂ ਨੂੰ ਪੇਸ਼ ਕਰਦੇ ਸਮੇਂ ਪਾਤਰ ਗੁੰਝਲਦਾਰ ਬਿੰਬਾਂ ਜਾਂ ਅਲੰਕਾਰਾਂ ਦੀ ਭਰਮਾਰ ਤੇ ਟੇਕ ਨਹੀਂ ਰੱਖਦਾ। ਉਹ ਅਜਿਹੇ ਢੁਕਵੇਂ ਸ਼ਬਦਾਂ ਦੀ ਸਫ਼ਲ ਚੋਣ ਕਰਦਾ ਹੈ ਜਿਹੜੇ ਸਾਧਾਰਨ ਹੁੰਦੇ ਹੋਏ ਵੀ ਸੰਪੂਰਨ ਬਿੰਬਾਂ ਦਾ ਕਾਰਜ ਕਰਨ ਦੇ ਸਮਰੱਥ ਹੁੰਦੇ ਹਨ"[21] ਇਸ ਤਰ੍ਹਾਂ ਪਾਤਰ ਕਾਵਿ ਵਿੱਚ ਸਮਾਜਿਕ ਤੇ ਪ੍ਰਕ੍ਰਿਤਿਕ ਬਿੰਬ ਸਿਰਜਣਾ ਤੋਂ ਇਲਾਵਾ ਪੰਜ ਗਿਆਨ ਇੰਦਰੀਆਂ ਨਾਲ਼ ਸੰਬੰਧਿਤ ਦ੍ਰਿਸ਼ ਬਿੰਬ, ਨਾਦ ਬਿੰਬ, ਰਸ ਬਿੰਬ, ਗੰਧ ਬਿੰਬ, ਸਪਰਸ਼ ਬਿੰਬ ਮੌਜੂਦ ਹਨ ਜਿਹੜੇ ਮਨੁੱਖ ਦੀਆਂ ਸੰਵੇਦਨਾਵਾਂ ਨੂੰ ਟੁੰਬਦੇ ਹੋਏ ਵਿਅਕਤੀ ਦੇ ਜੀਵਨ ਦੇ ਆਰ-ਪਾਰ ਫੈਲੀ ਗ਼ੁਲਾਮੀ ਨੂੰ ਤੋੜਨ ਲਈ ਅਹਿਮ ਭੂਮਿਕਾ ਅਦਾ ਕਰਦੇ ਹਨ।

ਦੂਰ ਇੱਕ ਪਿੰਡ ਵਿੱਚ ਛੋਟਾ ਜਿਹਾ ਘਰ ਸੀ।
ਕੱਚੀਆਂ ਸੀ ਕੰਧਾਂ ਉਹਦਾ ਥੋੜਾ ਜਿਹਾ ਦਰ ਸੀ।[22]

ਸ਼ਬਦ ਮੇਰੇ ਸੀਨੇ ਦੀ ਸਾਰੀ ਜ਼ਹਿਰ ਨੂੰ ਪੀ ਜਾਣਗੇ
ਸ਼ਬਦ ਜ਼ਹਿਰ ਨੂੰ ਅੰਮ੍ਰਿਤ ਵਿੱਚ ਬਦਲ ਦੇਣਗੇ[23]

ਪਾਤਰ ਦੀ ਕਾਵਿ ਭਾਸ਼ਾ ਸੰਗੀਤਮਈ, ਕੋਮਲਤਾ ਭਰਪੂਰ ਅਤੇ ਮਧੁਰਮਈ ਹੈ। ਪਾਤਰ ਨੇ ਸਰਲ ਸਪਸ਼ਟ ਅਤੇ ਆਮ ਪਾਠਕ ਦੇ ਸਮਝ ਆਉਣ ਵਾਲੀ ਲੋਕ ਭਾਸ਼ਾ ਨੂੰ ਕਾਵਿ ਮਾਧਿਅਮ ਵਜੋਂ ਵਰਤਿਆ ਹੈ। ਪਾਤਰ ਆਪਣੀ ਕਾਵਿ ਰਚਨਾਂ ਵਿੱਚ ਸਹਿਜ ਸੂਚਨਾ ਦੇਣ ਵਾਲੇ ਕੋਸ਼ਾਗਤ ਜਾਂ ਵਿਦਵਾਨ ਪੰਡਤਾਂ ਦੁਆਰਾ ਵਰਤੀ ਜਾਂਦੀ ਔਖੀ ਸ਼ਬਦਾਵਲੀ ਦਾ ਪ੍ਰਯੋਗ ਨਹੀਂ ਕਰਦਾ ਸਗੋਂ ਉਸਦੀ ਭਾਸ਼ਾ ਭਾਵਾਂ ਜਜ਼ਬਿਆਂ ਨਾਲ਼ ਗੁੰਦੀ ਹੋਈ ਹੈ। ਪਾਤਰ ਲੋਕ ਭਾਸ਼ਾ ਦੀ ਵਰਤੋਂ ਕਰਨ ਦੇ ਨਾਲ਼ ਨਾਲ਼ ਕਾਵਿ ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇੱਕ ਤੋਂ ਵੱਧ ਭਾਸ਼ਾਵਾਂ ਪ੍ਰਤੀ ਡੂੰਘੀ ਸੂਝ ਵੀ ਰੱਖਦਾ ਹੈ। ਉਸਦੀਆਂ ਰਚਨਾਵਾਂ ਵਿੱਚ ਉਰਦੂ, ਫ਼ਾਰਸੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਸ਼ਬਦਾਂ ਦੀ ਭਰਮਾਰ ਹੈ। ਜਿਵੇਂ ਉਰਦੂ ਫ਼ਾਰਸੀ ਭਾਸ਼ਾ ਨਾਲ਼ ਸੰਬੰਧਿਤ ਸ਼ਬਦ ਖ਼ਵਾਤੀਨੇ, ਹਜਰਾਤ, ਤਾਮੀਰ, ਤਹਿਰੀਰ, ਤਹੱਮਲ, ਖ਼ਾਮੋਸ, ਹਿਜਰਤ, ਖ਼ਾਬ, ਤੌਹੀਨ, ਤੌਫ਼ੀਕ, ਖ਼ੌਫ, ਮਹਿਫ਼ੂਜ, ਹਰਫ਼, ਲਫ਼ਜ, ਦਹਿਲੀਜ਼, ਮਨਜ਼ੂਰ, ਫ਼ਿਜਾ, ਕੁਫ਼ਰ, ਮੁਖ਼ਾਲਿਫ਼, ਮੁਹੱਬਤ, ਮੁਸ਼ੱਕਤ, ਜਲਾਲਤ, ਖ਼ੰਜਰ, ਵਾਕਿਫ ਆਦਿ। ਹਿੰਦੀ ਸ਼ਬਦ ਕੰਪਨ, ਤੁਮ, ਹਮ, ਆਈਨਾ, ਅਗਨ। ਅੰਗਰੇਜ਼ੀ ਸ਼ਬਦ

ਪੌਂਡ, ਕੌਨਵੈਂਟ, ਜਨਵਰੀ, ਅਗਸਤ, ਗਲਾਸ, ਵੋਟ, ਸੀਟ, ਫਸਟ, ਕਾਰ ਆਦਿ ਸ਼ਬਦ ਬਹੁਤਾਤ ਵਿੱਚ ਮਿਲਦੇ ਹਨ। ਇਸ ਤੋਂ ਇਲਾਵਾ ਅਧਿਆਤਮਿਕਤਾ ਨਾਲ਼ ਸੰਬੰਧਿਤ ਸ਼ਬਦ ਜਿਵੇਂ ਖੰਡੇ ਦੀ ਧਾਰ, ਗਗਨ ਮੈ ਥਾਲ, ਅੰਮ੍ਰਿਤ ਵੇਲਾ, ਗੁਰਮੁੱਖ ਪਿਆਰੇ, ਅਰਦਾਸ, ਸੋਹਿਲਾ, ਆਸਾ ਦੀ ਵਾਰ, ਨਾਨਕ ਨਾਮ ਮਿਲੈ ਅਤੇ ਸਰਬੱਤ ਦਾ ਭਲਾ ਆਦਿ ਸ਼ਬਦ ਮਿਲਦੇ ਹਨ।

ਸਪਸ਼ਟਤਾ, ਸੂਖਮਤਾ, ਤੀਬਰਤਾ, ਸੰਘਣਤਾ, ਸਮੂਰਤੀਕਰਨ ਤੇ ਸਚਿਤਰੀਕਰਨ ਦੇ ਉਦੇਸ਼ ਨੂੰ ਕੇਂਦਰ ਵਿੱਚ ਰੱਖਦੇ ਹੋਏ ਸੁਰਜੀਤ ਪਾਤਰ ਨੇ ਕਵਿਤਾ ਨੂੰ ਵੱਖ-ਵੱਖ ਅਲੰਕਾਰਾਂ ਨਾਲ਼ ਨਿਭਾਇਆ ਹੈ। ਕਵੀ ਦੁਆਰਾ ਵਰਤੇ ਗਏ ਅਲੰਕਾਰ ਮਨੁੱਖੀ ਚਿੰਤਨ ਦਾ ਆਧਾਰ ਬਣਦੇ ਹੋਏ ਜੀਵਨ ਦੀਆਂ ਗੁੰਝਲਾਂ ਦਾ ਸਮੂਰਤੀਕਰਨ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਕਾਵਿ ਸੁਹਜ ਤੇ ਕਲਾਤਮਿਕ ਅਨੰਦ ਦੀ ਉਸਾਰੀ ਲਈ ਪਾਤਰ ਕਵਿਤਾ ਵਿੱਚ ਅਨੁਪ੍ਰਾਸ-ਅਲੰਕਾਰ ਤੇ ਅਰਥ-ਅਲੰਕਾਰ ਨੂੰ ਵਧੇਰੇ ਅਮਲ ਵਿੱਚ ਲਿਆਉਂਦਾ ਹੈ। ਇਸ ਤੋਂ ਇਲਾਵਾ ਪਾਤਰ ਦਾ ਬਿਰਤਾਂਤ ਉਪਮਾ, ਰੂਪਕ, ਅਤਿਕਥਨੀ, ਦ੍ਰਿਸ਼ਟਾਂਤ ਤੇ ਵਿਰੋਧਾਭਾਸ ਅਲੰਕਾਰਾਂ ਦੁਆਰਾ ਵੀ ਰੂਪਮਾਨ ਹੁੰਦਾ ਹੈ। ਅਲੰਕਾਰਾਂ ਨੂੰ ਚਿੰਤਨ ਦੇ ਸੰਦਰਭ ਵਿੱਚ ਨਿਭਾਉਣ ਪ੍ਰਤੀ ਪਾਤਰ ਦੀ ਨਿਪੁੰਨਤਾ ਨੂੰ ਗੌਲ਼ਣਾ ਬਣਦਾ ਹੈ:

ਸਿਮ ਸਿਮ ਬਰਫ਼ਾ ਢਲਦੀਆਂ, ਨਿਮ ਨਿਮ ਪਾਣੀ ਵਹਿ ਰਹੇ
ਛਮ ਛਮ ਕਣੀਆਂ ਵਹਿਦੀਆਂ, ਝਿਮ ਝਿਮ ਰਿਸ਼ਮਾਂ ਕਰਦੀਆਂ[24]

ਮਿੱਟੀ ਮਾਂ ਮਹਿਬੂਬਾ ਮੁਰਸ਼ਦ
ਕਿਸ ਕਿਸ ਦਾ ਕਰਜ਼ਾਈ ਹਾਂ ਮੈਂ।[25]

ਪਾਤਰ ਦੀ ਸਿਰਜਣਾਤਮਕ ਸ਼ਕਤੀ ਨਵੀਆਂ ਜੁਗਤਾਂ ਅਤੇ ਨਵੇਂ-ਨਵੇਂ ਪ੍ਰਤੀਕਾਂ ਦੀ ਸਿਰਜਣਾ ਨਾਲ਼ ਆਪਣੇ ਅੰਤਰਮਨ ਦੀਆਂ ਸੰਵੇਦਨਾਵਾਂ ਨੂੰ ਦਰਸਾਉਂਦੀ ਹੈ। ਪਾਤਰ ਆਪਣੀ ਕਾਵਿ ਰਚਨਾ ਵਿੱਚ ਇੱਕ ਵਿਲੱਖਣ ਅਤੇ ਨਿਵੇਕਲਾ ਅੰਦਾਜ਼ ਪ੍ਰਦਾਨ ਕਰਨ ਦੇ ਲਈ ਇਤਿਹਾਸ/ਮਿਥਿਹਾਸ ਅਤੇ ਪ੍ਰਕਿਰਿਤੀ ਵਿੱਚੋ ਸਮੱਗਰੀ ਲੈ ਕੇ ਸਮਕਾਲੀਨ ਸਮਾਜਿਕ ਤੇ ਰਾਜਸੀ ਨਿਜ਼ਾਮ ਵਿਚਲੇ ਸ਼ੋਸ਼ਣ ਅਤੇ ਅਨਿਆਕਾਰੀ ਮਾਹੌਲ ਨੂੰ ਵਰਤਮਾਨ ਸੰਦਰਭਾਂ ਰਾਹੀਂ ਨਵੇਂ ਅਰਥਾਂ ਵਿੱਚ ਪੇਸ਼ ਕਰਨ ਲਈ ਵਧੇਰੇ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਜਿਵੇਂ ਔਰੰਗਜੇਬ, ਚਾਲੀ ਮੁਕਤੇ, ਸਰਵਨ, ਬਿਰਖ਼, ਵੰਝਲੀ, ਸ਼ੀਸ਼ਾ,

ਸੂਰਜ, ਡੁੱਬਦਾ ਸੂਰਜ, ਪੱਥਰ, ਲੱਕੜਹਾਰੇ, ਪਰਿੰਦੇ, ਕੁਰਸੀ, ਤਖ਼ਤ, ਸਲੀਬ, ਦਰਿਆ, ਚਿੜੀਆਂ, ਸਾਨਗੀ, ਮਨਸੂਰ, ਚੰਨ, ਤਾਰੇ ਅਤੇ ਅਦਾਲਤ ਉਸ ਦੁਆਰਾ ਵਾਰ-ਵਾਰ ਵਰਤੇ ਜਾਣ ਵਾਲੇ ਪ੍ਰਭਾਵਸ਼ਾਲੀ ਪ੍ਰਤੀਕ ਹਨ:

ਹੁੰਦਾ ਸੀ ਏਥੇ ਸ਼ਖ਼ਸ ਇੱਕ ਸੱਚਾ ਕਿੱਧਰ ਗਿਆ।
ਇਸ ਪੱਥਰਾਂ ਦੇ ਸ਼ਹਿਰ 'ਚੋ, ਸ਼ੀਸ਼ਾ ਕਿੱਧਰ ਗਿਆ।[26]

ਡੁੱਬਦਾ ਸੂਰਜ ਹਾਂ ਤੇ ਹੈ ਮੇਰਾ ਸਮੁੰਦਰ ਬੜੀ ਦੂਰ
ਮੈਨੂੰ ਇਹ ਅੰਤ ਨਹੀਂ ਆਪਣੀ ਕਥਾ ਦਾ ਮਨਜ਼ੂਰ[27]

ਸੁਰਜੀਤ ਪਾਤਰ ਆਪਣੀਆਂ ਅੰਤਰੀਵ ਅਨੁਭੂਤੀਆਂ ਨੂੰ ਪ੍ਰਗਟ ਕਰਨ ਦੇ ਲਈ ਇਤਿਹਾਸਿਕ ਤੇ ਮਿਥਿਹਾਸਿਕ ਪਾਤਰਾਂ ਦੇ ਹਵਾਲੇ ਨਵੇਂ ਅਰਥਾਂ ਵਿੱਚ ਪੇਸ਼ ਕਰਦਾ ਹੈ। ਸਮਕਾਲੀ ਯਥਾਰਥ ਦੀ ਕਰੂਰਤਾ ਨੰਗਿਆਂ ਕਰਨ ਦੇ ਲਈ ਇਤਿਹਾਸਿਕ/ਮਿਥਿਹਾਸਿਕ ਘਟਨਾਵਾਂ ਨੂੰ ਸਮਾਜ ਦੇ ਮਸਲਿਆਂ ਨਾਲ਼ ਜੋੜ ਕੇ ਮੇਚ ਦੇਣ ਦੀ ਕਾਵਿਕ ਜੁਗਤ ਪਾਤਰ ਨੇ ਬਾਖ਼ੂਬੀ ਕੀਤੀ ਹੈ। ਇਸ ਤਰ੍ਹਾਂ ਇਤਿਹਾਸ ਮਿਥਿਹਾਸ ਉਸਦੇ ਕਾਵਿ ਵਿੱਚ ਸ਼ਕਤੀਸ਼ਾਲੀ ਧਾਰਾ ਵਜੋਂ ਪ੍ਰਵਾਹਿਤ ਹੁੰਦਾ ਹੈ। ਇਤਿਹਾਸ/ਮਿਥਿਹਾਸ ਵਿੱਚੋਂ ਲਏ ਪਾਤਰਾਂ ਨੂੰ ਵਰਤਮਾਨ ਸਮੇਂ ਨਾਲ਼ ਜੋੜਨਾ ਕਵੀ ਦੀ ਗਿਆਨ-ਆਤਮਿਕ ਸੋਝੀ ਹੈ। ਅਜਿਹੇ ਪਾਤਰਾਂ ਦਾ ਹਵਾਲਾ ਦਿੰਦਾ ਹੋਇਆ ਪਾਤਰ ਸੁਕਰਾਤ, ਔਰੰਗਜੇਬ, ਸਰਮਦ, ਦਾਰਾ ਸਿਕੋਹ, ਗੁਰੂ ਗੋਬਿੰਦ ਸਿੰਘ, ਭਾਈ ਜੈਤਾ, ਸ਼ੇਖ ਫਰੀਦ, ਕਬੀਰ, ਵਾਰਿਸ ਸ਼ਾਹ, ਸ਼ਿਵ ਕੁਮਾਰ, ਜਹਾਂਗੀਰ, ਗੌਤਮ ਬੁੱਧ, ਸਰਵਨ, ਕੁਸ਼ੱਲਿਆ, ਰਾਹੁਲ, ਯਸੋਧਾ, ਰੁਮਕਣੀ, ਰਾਧਾ, ਸੀਤਾ, ਦਰੋਪਤੀ, ਲੂਣਾਂ, ਸਾਹਿਬਾਂ, ਸੁੰਦਰਾਂ, ਸਲਵਾਨ, ਪੂਰਨ, ਇੱਛਰਾਂ, ਰਸਾਲੂ, ਕੋਕਲਾਂ, ਭਰਥਰੀ, ਮਨਸੂਰ, ਹੀਰ ਰਾਝਾਂ, ਕੈਦੋ, ਨਾਥ, ਲੁੱਡਣ ਮਲਾਹ ਵਰਗੇ ਇਤਿਹਾਸਿਕ/ਮਿਥਿਹਾਸਿਕ ਪਾਤਰਾਂ ਨੂੰ ਸਮਕਾਲੀ ਸਮੇਂ ਨਾਲ਼ ਜੋੜ ਕੇ ਨਵੇਂ ਅਰਥਾਂ ਵਿੱਚ ਪੇਸ਼ ਕਰਦਾ ਹੈ।

ਪੰਜਾਬ ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਅੰਤਾਂ ਦਾ ਮੋਹ ਅਤੇ ਭਾਵੁਕਤਾ ਰੱਖਦਾ ਹੋਣ ਕਰਕੇ ਪਾਤਰ ਦੇ ਪ੍ਰਗੀਤ ਕਾਵਿ ਵਿੱਚ ਸਭਿਆਚਾਰਿਕ ਅਤੇ ਲੋਕਧਾਰਾਈ ਸਮੱਗਰੀ ਭਰਪੂਰ ਰੂਪ ਵਿੱਚ ਮਿਲਦੀ ਹੈ। ਜਿਸ ਵਿੱਚ ਪੰਜਾਬ ਦੀ ਸਥਾਨਕ ਪਰੰਪਰਾ, ਰੀਤੀ ਰਿਵਾਜ, ਪੇਂਡੂ ਘਰਾਂ ਦੀ ਬਣਤਰ, ਕੱਚੀਆਂ ਕੰਧਾਂ, ਲੋਕ ਵਿਸ਼ਵਾਸਾਂ, ਲੋਕ ਰੂੜੀਆਂ,

ਸੰਸਕ੍ਰਿਤੀ, ਨਹਿਰਾਂ ਆਦਿ ਦਾ ਜਿਕਰ ਹੈ। ਪੰਜਾਬ ਦੀ ਮਿੱਟੀ ਪ੍ਰਤੀ ਕਵੀ ਦੀ ਭਾਵੁਕਤਾ ਕਾਵਿ ਰਚਨਾਵਾਂ ਰਾਹੀਂ ਸਹਿਜੇ ਹੀ ਦੇਖੀ ਜਾ ਸਕਦੀ ਹੈ:

ਇਸ ਦਾ ਮਤਲਬ ਨ ਇਹ ਸਮਝ ਕਿ ਜਿਵੇਂ, ਮੈਨੂੰ ਮਿੱਟੀ ਦੇ ਨਾਲ ਪਿਆਰ ਨਹੀਂ।
ਜੇ ਮੈਂ ਆਖਾਂ ਕਿ ਅਜ ਇਹ ਤਪਦੀ ਹੈ, ਜੇ ਮੈਂ ਆਖਾਂ ਕਿ ਪੈਰ ਸੜਦੇ ਨੇ।
ਇਹ ਮੇਰੇ ਪਾਣੀਆਂ ਨੂੰ ਮਿਹਣਾ ਹੈ, ਇਹ ਮੇਰੇ ਪਿਆਰ ਨੂੰ ਨਿਹੋਰਾ ਹੈ।[28]

ਪਾਤਰ ਬਚਪਨ ਤੋਂ ਪੇਂਡੂ ਜਨ ਜੀਵਨ ਨਾਲ਼ ਜੁੜਿਆ ਹੋਣ ਕਰਕੇ ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਤੋਂ ਭਲੀ-ਭਾਂਤ ਜਾਣੂ ਹੈ। ਜੋਗਿੰਦਰ ਸਿੰਘ ਕੈਰੋਂ ਦੇ ਅਨੁਸਾਰ "ਸੁਰਜੀਤ ਪਾਤਰ ਲੋਕਧਾਰਾ ਦੀ ਸਮੱਗਰੀ ਦੇ ਨਾਲ ਨਾਲ ਬੜੀ ਖ਼ੂਬਸੂਰਤੀ ਨਾਲ਼ ਲੋਕ-ਕਾਵਿ ਅਤੇ ਲੋਕਧਾਰਾਈ ਕਥਾ ਮਾਡਲਾਂ ਨੂੰ ਆਪਣੀ ਸ਼ਾਇਰੀ ਵਿਚ ਵਰਤ ਰਿਹਾ ਹੈ"[29] ਇਸ ਤਰ੍ਹਾਂ ਪੰਜਾਬ ਦੀ ਸੰਸਕ੍ਰਿਤੀ ਪ੍ਰਤੀ ਸਮਝ ਰਖਦਾ ਹੋਣ ਕਰਕੇ ਪਾਤਰ ਪਰਿਵਾਰਿਕ ਰਿਸ਼ਤਿਆਂ, ਰੀਤਾਂ ਰਿਵਾਜਾਂ, ਲੋਕ ਕਾਵਿ ਰੂਪਾਂ, ਲੋਕ ਗਹਿਣਿਆਂ, ਪੰਜਾਬ ਦੇ ਲੋਕ ਨਾਇਕਾਂ ਅਤੇ ਪ੍ਰੀਤ ਕਹਾਣੀਆਂ ਦੇ ਨਾਇਕਾਂ/ਨਾਇਕਾਵਾਂ ਦਾ ਚਿਤਰਣ ਭਾਵਨਾਵਾਂ ਨੂੰ ਵਿਅਕਤ ਕਰਨ ਦੇ ਲਈ ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕਰਦਾ ਹੈ:

ਮੇਰੇ ਲਈ ਜੋ ਤੀਰ ਬਣੇ ਸਨ ਹੋਰ ਕਲੇਜੇ ਲੱਗੇ
ਕਿੰਝ ਸਾਹਿਬਾਂ ਨੂੰ ਆਪਣੀ ਆਖਾਂ ਕਿਉਂ ਮਿਰਜ਼ਾ ਸਦਵਾਵਾਂ[30]

ਉਹ ਦਿਸਦੇ ਸਨ ਸਿਰਫ਼ ਮੈਨੂੰ ਜਾਂ ਉਸਨੂੰ
ਉਹ ਜੋ ਚੂੜੇ ਕਲੀਰੇ ਪਹਿਨਦੀ ਸੀ[31]

ਬੌਧਿਕ ਅਤੇ ਸੂਖਮ ਵਿਅੰਗ ਪਾਤਰ ਦਾ ਸ਼ਕਤੀਸ਼ਾਲੀ ਹਥਿਆਰ ਹੈ। ਵਿਅੰਗ ਵਿਧੀ ਦੁਆਰਾ ਪਾਤਰ ਆਧੁਨਿਕ ਮਨੁੱਖ ਦੀ ਖੋਖਲੀ ਮਾਨਸਿਕਤਾ ਦੇ ਪਰਦਿਆਂ ਨੂੰ ਲੀਰੋ-ਲੀਰ ਕਰਦਾ ਹੈ। ਪਾਤਰ ਨੇ ਆਪਣੀ ਕਾਵਿ ਕਲਾ ਰਾਹੀਂ ਮਨੁੱਖ ਦੀ ਪਲ-ਪਲ ਬਦਲਦੀ ਸੋਚ, ਚਲਾਕੀ, ਘਟੀਆ ਨਿਆਂ ਪ੍ਰਣਾਲੀ, ਸਰਮਾਏਦਾਰਾਂ ਵੱਲੋਂ ਕੰਮੀਆਂ ਦਾ ਕੀਤਾ ਜਾਂਦਾ ਸ਼ੋਸ਼ਣ ਅਤੇ ਔਰਤ ਪ੍ਰਤੀ ਗੈਰ ਮਨੁੱਖੀ ਵਤੀਰੇ ਨੂੰ ਵਿਅੰਗ ਵਿਧੀ ਦੁਆਰਾ ਪੇਸ਼ ਕੀਤਾ ਹੈ। ਪਾਤਰ ਦੇ ਵਿਅੰਗ ਸੰਬੰਧੀ ਜਸਵਿੰਦਰ ਸਿੰਘ ਲਿਖਦੇ ਹਨ ਕਿ "ਵਿਅੰਗ ਪਾਤਰ ਲਈ ਮਹਿਜ਼ ਕਾਵਿਕ ਜੁਗਤ ਨਹੀਂ ਹੈ, ਸਗੋਂ ਵਿਅੰਗ ਤੇ ਤਨਜ਼ ਪਾਤਰ ਦੀ ਕਲਾਤਮਕ ਪ੍ਰਤੱਖਣ ਵਿਧੀ ਦਾ ਅੰਗ ਹਨ। ਇਹ ਉਸਦੀ ਕਾਵਿ-ਦ੍ਰਿਸ਼ਟੀ ਹੈ ਜਿਸ ਅਨੁਸਾਰ ਉਹ

ਸਮਕਾਲੀ ਰਾਜਸੀ ਸਰੋਕਾਰਾਂ, ਸਭਿਆਚਾਰਕ ਵਰਤਾਰਿਆਂ ਦੀ ਵਿਸੰਗਤੀ, ਪਤਨ, ਬੇਜੋੜਤਾ, ਅਮਾਨਵੀਪਣ, ਦੋਗਲੇਪਨ ਆਦਿ ਬਾਰੇ ਚੇਤੰਨ ਤੇ ਚਿੰਤਤ ਹੈ। ਇਸ ਕਰਕੇ ਇਨ੍ਹਾਂ ਨੂੰ ਨਿਕਾਰਣ, ਛੁਟਿਆਉਣ, ਉਲਟਾਉਣ ਦੀ ਕਾਰਗਰ ਵਿਧੀ ਵਜੋਂ ਉਹ ਤਿਖੇ ਵਿਅੰਗ ਤੇ ਤੇਜ਼ ਤਨਜ ਨੂੰ ਕਾਵਿਕ ਉਚਾਰ ਦਾ ਅੰਗ ਬਣਾਉਂਦਾ ਹੈ"[32] ਇਸ ਤਰ੍ਹਾਂ ਪਾਤਰ ਕੋਲ ਏਨੀ ਸ਼ਾਬਦਿਕ ਸਮਰੱਥਾ ਹੈ ਕਿ ਉਹ ਸਮਾਜ ਦੇ ਹਰ ਮਸਲੇ ਨੂੰ ਭਾਸ਼ਾਈ ਸੰਜਮ ਅਤੇ ਵਿਅੰਗ ਵਿਧੀ ਦੁਆਰਾ ਪ੍ਰਭਾਵਸ਼ਾਲੀ ਢੰਗ ਨਾਲ਼ ਸਮੇਟਦਾ ਹੈ। ਪਰ ਉਸਦੇ ਵਿਅੰਗ ਦੀ ਮੁੱਖ ਟੇਕ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪ੍ਰਬੰਧ 'ਤੇ ਕੇਂਦਰਿਤ ਰਹਿੰਦੀ ਹੈ। ਜਿਵੇਂ ਰਾਜਸੀ ਨੇਤਾਵਾਂ ਦੇ ਪਾਜ ਉਘਾੜਦਾ ਪਾਤਰ ਲਿਖਦਾ ਹੈ:

ਤਗ਼ਮਿਆਂ ਦੀ ਥਾਂ ਤੇ ਹਿਕ ਵਿਚ ਗੋਲੀਆਂ
ਇਹ ਵੀ ਇਕ ਸਨਮਾਨ ਦਾ ਅੰਦਾਜ਼ ਹੈ[33]

ਪਾਤਰ ਦੀ ਵਿਲੱਖਣਤਾ ਇਸ ਗੱਲ ਵਿੱਚ ਵੀ ਹੈ ਕਿ ਉਹ ਆਪਣੀ ਕਵਿਤਾ ਨੂੰ ਲੈਅ ਅਤੇ ਬੰਦਸ਼ ਵਿੱਚ ਰੱਖ ਕੇ ਸੰਗੀਤਮਈ ਬਣਾਉਣ ਲਈ ਰਾਗਾਂ ਦੀ ਵਰਤੋਂ ਕਰਦਾ ਹੈ। ਇੱਕੋ ਸ਼ੇਅਰ ਵਿੱਚ ਇੱਕ ਤੋਂ ਵੱਧ ਰਾਗਾਂ ਨੂੰ ਪੇਸ਼ ਕਰਨ ਦੀ ਮੁਹਾਰਤ ਅਤੇ ਸਮਝ ਪਾਤਰ ਵਿੱਚ ਬਾਖ਼ੂਬੀ ਝਲਕਦੀ ਹੈ। ਉਹ ਰਾਤ, ਦਿਨ, ਮੌਸਮ ਅਤੇ ਪ੍ਰਕਿਰਤੀ ਨੂੰ ਧਿਆਨ ਵਿੱਚ ਰੱਖ ਕੇ ਰਾਗ ਅਲਾਪਦਾ ਹੈ। ਜਿਨ੍ਹਾਂ ਵਿੱਚ ਭੈਰੋ, ਪੂਰਵੀ ਅਤੇ ਬਸੰਤ-ਬਹਾਰ ਮੁੱਖ ਹਨ। ਰਾਗ ਸਮੇਂ ਅਨੁਸਾਰ ਗਾਉਣ ਦੀ ਵਿਧਾ 'ਤੇ ਆਧਾਰਿਤ ਹੋਣ ਕਰਕੇ ਕਾਵਿ ਵਿੱਚ ਸੂਖਮਤਾ, ਸਹਿਜਤਾ ਅਤੇ ਸੰਜਮਤਾ ਲਿਆਉਂਦਾ ਹੈ। ਜਿਸ ਦੇ ਸੁਣਨ ਨਾਲ਼ ਮਨ ਵਿੱਚ ਵਿਰਾਗ ਤੇ ਪ੍ਰੇਮ ਉਪਜਦਾ ਹੈ। ਇਸ ਤਰ੍ਹਾਂ ਨਿੱਤ ਸੂਰਜਾਂ ਨੇ ਚੜ੍ਹਨਾਂ, ਨਿੱਤ ਸੂਰਜਾਂ ਨੇ ਲਹਿਣਾ ਸ਼ੇਅਰ ਭੈਰੋ, ਪੂਰਵੀ, ਭਟਿਆਰ ਅਤੇ ਬਸੰਤ ਬਹਾਰ ਚਾਰ ਰਾਗਾਂ ਦਾ ਮਿਸ਼ਰਣ ਹੈ। ਜਿਵੇਂ:

ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ
ਪਰਬਤ ਤੋਂ ਸਾਗਰਾਂ ਵੱਲ, ਨਦੀਆਂ ਨੇ ਰੋਜ਼ ਵਹਿਣਾ
ਇਕ ਦੂਜੇ ਮਗਰ ਘੁੰਮਣਾ ਰੁੱਤਾਂ ਤੇ ਮੌਸਮਾਂ ਨੇ
ਇਹ ਸਿਲਸਿਲਾ ਜੁਗੋ ਜੁਗ ਏਦਾਂ ਹੀ ਚੱਲਦਾ ਰਹਿਣਾ[34]

ਰਸ ਕਾਵਿ ਸਾਹਿਤ ਦਾ ਸੁਹਜਮਈ ਅਨੰਦ ਹੈ, ਜਿਸ ਨੂੰ ਸਾਹਿਤ ਰਸੀਏ, ਪਾਠਕ ਤੇ ਦਰਸ਼ਕ ਜਜ਼ਬਿਆਂ ਤੇ ਭਾਵਾਂ ਦੇ ਆਵੇਸ਼ ਵਿੱਚ ਮਾਣਦੇ ਹਨ। ਸਾਹਿਤ ਪੜ੍ਹਨ ਜਾਂ ਕੋਈ

ਨਾਟਕ ਦੇਖਣ ਤੋਂ ਸਰੋਤਿਆਂ ਪਾਠਕਾਂ ਜਾਂ ਦਰਸ਼ਕਾਂ ਦੇ ਮਨ ਨੂੰ ਸੁਹਜ-ਸੁਆਦ ਤੇ ਅਨੰਦ ਦੀ ਪ੍ਰਾਪਤੀ ਹੋਣਾ ਹੀ ਰਸ ਹੈ। ਇਸ ਤਰ੍ਹਾਂ ਪਾਤਰ ਆਪਣੇ ਕਾਵਿ ਸਾਹਿਤ ਨੂੰ ਸੁਹਜਮਈ ਤੇ ਅਨੰਦਦਾਇਕ ਬਣਾਉਣ ਲਈ ਭਾਰਤੀ ਕਾਵਿ ਸ਼ਾਸਤਰ ਅਨੁਸਾਰ ਸ਼ਿੰਗਾਰ, ਕਰੁਣਾ, ਭਿਆਨਕ ਅਤੇ ਸ਼ਾਤ ਆਦਿ ਰਸਾਂ ਦੀ ਵਰਤੋਂ ਕਰਦਾ ਹੈ। ਪਰ ਪਾਤਰ ਕਾਵਿ ਵਿੱਚ ਪ੍ਰੇਮੀ ਨੂੰ ਮਿਲਣ ਦੀ ਖ਼ੁਸ਼ੀ, ਅਤ੍ਰਿਪਤ ਰੀਝਾਂ, ਵਿਛੋੜੇ ਦੀ ਚੀਸ, ਪੰਜਾਬ ਦਾ ਦੁਖਾਂਤ ਆਦਿ ਦਾ ਜ਼ਿਕਰ ਵਧੇਰੇ ਹੋਣ ਕਰਕੇ ਸ਼ਿੰਗਾਰ ਤੇ ਕਰੁਣਾ ਰਸ ਪ੍ਰਮੁੱਖ ਤੌਰ 'ਤੇ ਉਤਪਨ ਹੁੰਦਾ ਹੈ। ਜਿਵੇਂ

**ਸ਼ਿੰਗਾਰ ਰਸ:**

ਅਸਾਡੀ ਤੁਹਾਡੀ ਮੁਲਾਕਾਤ ਹੋਈ
ਜਿਵੇਂ ਬਲ਼ਦੇ ਜੰਗਲ 'ਤੇ ਬਰਸਾਤ ਹੋਈ[35]

**ਕਰੁਣਾ ਰਸ:**

ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ,
ਹੁਣ ਸ਼ਿਵ ਕੁਮਾਰ ਦੀ ਵਾਰੀ ਏ।
ਉਹ ਜ਼ਖਮ ਪੁਰਾਣੇ ਭੁਲ ਵੀ ਗਏ,
ਨਵਿਆਂ ਦੀ ਜੋ ਫੇਰ ਤਿਆਰੀ ਏ[36]

ਛੰਦ ਕਵਿਤਾ ਦਾ ਜਰੂਰੀ ਅੰਗ ਹੈ। ਕੋਈ ਵੀ ਕਵਿਤਾ ਛੰਦ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੁੰਦੀ। ਇਸ ਵਿੱਚ ਵਜ਼ਨ, ਤੋਲ, ਵਿਸ਼ਰਾਮ, ਲੈਅ ਆਦਿ ਛੰਦ ਦੇ ਲਾਜ਼ਮੀ ਤੱਤਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ ਜੋ ਕਵਿਤਾ ਦੇ ਭਾਵਾਂ ਤੇ ਖ਼ਿਆਲਾਂ ਨੂੰ ਤਿੱਖਾ ਕਰਦੇ ਹੋਏ ਇੱਕ ਲੜੀ ਵਿੱਚ ਪਰੋਦੇਂ ਹਨ। ਜਿਸ ਨਾਲ਼ ਕਵਿਤਾ ਵਿੱਚ ਸੱਜਰਾਪਣ ਅਤੇ ਤਾਜ਼ਗੀ ਆਉਂਦੀ ਹੈ ਤੇ ਕਵਿਤਾ ਦੇ ਪ੍ਰਭਾਵ ਵਿੱਚ ਵਾਧਾ ਹੁੰਦਾ ਹੈ। ਇਸੇ ਤਰ੍ਹਾਂ ਪਾਤਰ ਆਪਣੀ ਕਵਿਤਾ ਨੂੰ ਲੈਅਬੱਧ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਬੈਂਤ, ਦਵੱਈਆ, ਕਬਿੱਤ, ਚੋਪਈ, ਦੋਹਰਾ, ਸੋਰਠਾ ਆਦਿ ਮਾਤ੍ਰਿਕ ਅਤੇ ਵਰਣਿਕ ਛੰਦਾਂ ਦੀ ਵਰਤੋਂ ਕਰਦਾ ਹੈ। ਪਾਤਰ ਦੁਆਰਾ ਵਧੇਰੇ ਪ੍ਰਮੁੱਖਤਾ ਬੈਂਤ ਅਤੇ ਦਵੱਈਆ ਛੰਦ ਨੂੰ ਹੀ ਦਿੱਤੀ ਗਈ ਹੈ। ਬੈਂਤ ਛੰਦ ਦੀ ਉਦਹਾਰਨ ਹੇਠਾਂ ਲਿਖੀ ਦੇਖੀ ਜਾ ਸਕਦੀ ਹੈ:

ਤੇਰੀ ਹਰ ਨਜ਼ਮ ਪਾਤਰ ਵਿਕ ਗਈ ਹੈ
ਤੇਰੇ ਗੀਤਾਂ ਦਾ ਸੌਦਾ ਹੋ ਗਿਆ ਹੈ

ਤੇਰੀ ਪਰਵਾਜ਼ ਤੋਂ ਖੁਸ਼ ਹੋ ਕੇ ਉਹਨਾਂ
ਇਹ ਇਕ ਸੋਨੇ ਦਾ ਪਿੰਜਰਾ ਭੇਜਿਆ ਹੈ[37]

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਸੁਰਜੀਤ ਪਾਤਰ ਆਧੁਨਿਕ ਪੰਜਾਬੀ ਕਵਿਤਾ ਵਿੱਚ ਸਭ ਤੋਂ ਵੱਧ ਪੜ੍ਹਿਆ ਤੇ ਸਤਿਕਾਰਿਆ ਜਾਣ ਵਾਲਾ ਕਵੀ ਹੈ। ਜੋ ਸਮਕਾਲੀ ਯਥਾਰਥ ਅਤੇ ਯੁੱਗ ਚੇਤਨਾ ਪ੍ਰਤੀ ਡੂੰਘੀ ਸਮਝ ਰਖਦਾ ਹੋਣ ਕਰਕੇ ਪ੍ਰਗੀਤਕ ਕਾਵਿ ਨੂੰ ਆਧੁਨਿਕ ਜੀਵਨ ਦੀ ਯਥਾਰਥਵਾਦੀ ਚੇਤਨਾ ਨਾਲ਼ ਜੋੜਦਾ ਹੈ। ਜਿਸਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਸੱਜਰੀ ਪ੍ਰਗਟਾਅ ਸ਼ੈਲੀ, ਸੁਰੀਲੀ ਉਦਾਸ ਹੂਕ ਅਤੇ ਸੋਗੀ ਸੁਹਜਮਈ ਅਨੰਦ ਨਾਲ਼ ਮਾਲਾਮਾਲ ਕੀਤਾ ਹੈ। ਜਿਸ ਵਿੱਚ ਕਾਲ ਮੁਕਤ ਸਿਰਜਣਾ, ਨਵੇਂ ਨਰੋਏ ਬਿੰਬਾਂ ਦੀ ਸਿਰਜਣਾ, ਵਾਦ-ਵਿਵਾਦ ਤੋਂ ਮੁਕਤ ਸਿਰਜਣਾ, ਵਿਲੱਖਣ ਨਾਟਕੀ ਅੰਦਾਜ, ਸੂਖਮ ਵਿਅੰਗ ਅਤੇ ਸੰਗੀਤਾਤਮਕਤਾ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਪਾਤਰ ਆਪਣੇ ਪ੍ਰਗੀਤ ਕਾਵਿ ਵਿੱਚ ਆਧੁਨਿਕ ਪੰਜਾਬੀ ਗੀਤਕਾਰਾਂ ਵਾਂਗ ਪ੍ਰਚੱਲਿਤ ਨਿਮਨ ਸ਼ਬਦਾਵਲੀ 'ਤੇ ਕੇਂਦਰਿਤ ਨਹੀਂ ਰਹਿੰਦਾ ਸਗੋਂ ਮਨੁੱਖ ਦੀਆਂ ਮਾਨਸਿਕ ਗੁੰਝਲਾਂ, ਜਟਿੱਲਤਾਵਾਂ ਅਤੇ ਅਤ੍ਰਿਪਤ ਰੀਝਾਂ ਨੂੰ ਸੰਵੇਦਨਸ਼ੀਲ ਸ਼ੈਲੀ ਰਾਹੀਂ ਸੁਰੀਲੇ ਅੰਦਾਜ਼ ਵਿੱਚ ਪੇਸ਼ ਕਰਦਾ ਹੈ। ਪਾਤਰ ਦੀ ਬਹੁਤੀ ਕਵਿਤਾ ਪੰਜਾਬ ਦੇ ਮਸਲਿਆਂ ਦੇ ਜ਼ਿਕਰ ਫ਼ਿਕਰ ਨਾਲ਼ ਜੁੜੀ ਹੋਈ ਹੈ। ਇਸ ਲਈ ਉਹ ਸੰਵੇਦਨਸ਼ੀਲ ਪ੍ਰਤਿਭਾ ਰਾਹੀਂ ਸਮਕਾਲੀਨ, ਸਮਾਜਿਕ, ਰਾਜਨੀਤਿਕ, ਇਤਿਹਾਸਿਕ, ਸਭਿਆਚਾਰਿਕ, ਸਥਾਪਿਤ ਪ੍ਰਤਿਮਾਨਾਂ, ਪਰੰਪਰਾ ਅਤੇ ਆਧੁਨਿਕਤਾ ਨਾਲ਼ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਸੰਵਾਦ ਰਚਾਉਂਦਾ ਹੋਇਆ ਆਧੁਨਿਕ ਪੰਜਾਬੀ ਪ੍ਰਗੀਤ ਕਾਵਿ ਦੇ ਅਕਾਸ਼ ਵਿੱਚ ਧਰੂ-ਤਾਰਾ ਬਣਕੇ ਨਵੇਂ ਕੀਰਤੀਮਾਨ ਸਥਾਪਿਤ ਕਰਨ ਵਿੱਚ ਕਾਮਯਾਬ ਰਿਹਾ ਹੈ।

## ਹਵਾਲੇ ਅਤੇ ਟਿੱਪਣੀਆਂ

1. If the labours of Men of Science should ever create any material revolution, direct or indirect, in our condition…the poet will sleep no more than at present; hi will be ready to follow the steps of the man of science, not only in those general, indirect effects, but hi will be at his side, carrying sensation into the midst of the objects of science itself. The remotest discoveries of the Chemist, the Botanist, or Mineralogist, will be as proper objects of the Poet's art. PAMELA GOSSIN (Ed), ENCYCLOPEDIA OF

SCIENCE AND LITERATURE, Greenwood Press, London, 2002, Page-409
2. ਸੁਰਜੀਤ ਪਾਤਰ, ਹਵਾ ਵਿਚ ਲਿਖੇ ਹਰਫ਼, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ-5
3. ਉਹੀ, ਪੰਨਾ-28
4. ਕੁਲਦੀਪ ਕੌਰ, ਸੁਰਜੀਤ ਪਾਤਰ ਦੀ ਕਵਿਤਾ ਦਾ ਸੰਵਾਦ, ਪੰਜਾਬੀ ਅਕਾਦਮੀ, ਦਿੱਲੀ, 1998, ਪੰਨਾ-155
5. ਵਨੀਤਾ, ਸੁਰਜੀਤ ਪਾਤਰ ਦੀ ਕਵਿਤਾ ਦਾ ਸੰਵਾਦ, ਪੰਜਾਬੀ ਅਕਾਦਮੀ, ਦਿੱਲੀ, 1998, ਪੰਨਾ-59
6. ਅੰਮ੍ਰਿਤ ਲਾਲ ਪਾਲ, ਸੁਰਜੀਤ ਪਾਤਰ ਜੀਵਨ ਤੇ ਰਚਨਾ, ਸੰਗਮ ਪਬਲੀਕੇਸ਼ਨਜ਼, ਸਮਾਣਾ, 2005, ਪੰਨਾ-37
7. ਸੁਰਜੀਤ ਪਾਤਰ, ਬਿਰਖ ਅਰਜ਼ ਕਰੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ-14
8. ਉਹੀ, ਪੰਨਾ-20
9. ਉਹੀ, ਪੰਨਾ-35
10. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000, ਪੰਨਾ-84
11. ਬਿਰਖ ਅਰਜ਼ ਕਰੇ, ਉਹੀ, ਪੰਨਾ-23
12. ਬਿਰਖ ਅਰਜ਼ ਕਰੇ, ਉਹੀ, ਪੰਨਾ-23
13. ਬਿਰਖ ਅਰਜ਼ ਕਰੇ, ਉਹੀ, ਪੰਨਾ-49
14. ਸੁਰਜੀਤ ਪਾਤਰ, ਲਫ਼ਜ਼ਾਂ ਦੀ ਦਰਗਾਹ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2017, ਪੰਨਾ-49
15. ਬਿਰਖ ਅਰਜ਼ ਕਰੇ, ਉਹੀ, ਪੰਨਾ-93
16. ਸੁਰਜੀਤ ਪਾਤਰ, ਸੁਰਜ਼ਮੀਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਉਹੀ, ਪੰਨਾ-14
17. ਬਿਰਖ ਅਰਜ਼ ਕਰੇ, ਉਹੀ, ਪੰਨਾ-56

18. ਸੁਰਜ਼ਮੀਨ, ਉਹੀ, ਪੰਨਾ-36
19. ਬਿਰਖ ਅਰਜ਼ ਕਰੇ, ਉਹੀ, ਪੰਨਾ-19
20. ਤੇਜਵੰਤ ਸਿੰਘ ਗਿੱਲ, ਸੁਰਜੀਤ ਪਾਤਰ ਜੀਵਨ ਤੇ ਰਚਨਾ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2010, ਪੰਨਾ-27
21. ਅਮਰਜੀਤ ਸਿੰਘ ਪਰਾਗ, ਸੁਰਜੀਤ ਪਾਤਰ ਦੀ ਕਵਿਤਾ ਦਾ ਸੰਵਾਦ, ਪੰਜਾਬੀ ਅਕਾਦਮੀ, ਦਿੱਲੀ, 1998, ਪੰਨਾ-96
22. ਬਿਰਖ ਅਰਜ਼ ਕਰੇ, ਉਹੀ, ਪੰਨਾ-27
23. ਲਫ਼ਜ਼ਾਂ ਦੀ ਦਰਗਾਹ, ਉਹੀ, ਪੰਨਾ-57
24. ਸੁਰਜ਼ਮੀਨ, ਉਹੀ, ਪੰਨਾ-42
25. ਲਫ਼ਜ਼ਾਂ ਦੀ ਦਰਗਾਹ, ਉਹੀ, ਪੰਨਾ-83
26. ਸੁਰਜ਼ਮੀਨ, ਉਹੀ, ਪੰਨਾ-24
27. ਉਹੀ, ਪੰਨਾ-45
28. ਬਿਰਖ ਅਰਜ਼ ਕਰੇ, ਉਹੀ, ਪੰਨਾ-57
29. ਜੋਗਿੰਦਰ ਸਿੰਘ ਕੈਰੋਂ, (ਗੁਰਇਕਬਾਲ ਸਿੰਘ ਸੰਪਾ), ਪਾਤਰ ਕਾਵਿ-ਚਿੰਤਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006, ਪੰਨਾ-138
30. ਲਫ਼ਜ਼ਾਂ ਦੀ ਦਰਗਾਹ, ਉਹੀ, ਪੰਨਾ-23
31. ਉਹੀ, ਪੰਨਾ-47
32. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2000, ਪੰਨਾ-93
33. ਲਫ਼ਜ਼ਾਂ ਦੀ ਦਰਗਾਹ, ਉਹੀ, ਪੰਨਾ-25
34. ਸੁਰਜ਼ਮੀਨ, ਉਹੀ, ਪੰਨਾ-40
35. ਉਹੀ, ਪੰਨਾ-70
36. ਬਿਰਖ ਅਰਜ਼ ਕਰੇ, ਉਹੀ, ਪੰਨਾ-89
37. ਲਫ਼ਜ਼ਾਂ ਦੀ ਦਰਗਾਹ, ਉਹੀ, ਪੰਨਾ-52